8-Jan-Sunday.qxd 1/7/2023 9:59 PM Page 1

ਡਾ. ਡੀ ਪੀ ਸਿੰਘ ਨਾਲ ਮੁਲਾਕਾਤ
ਆਖਰੀ ਸਫ਼ੇ 'ਤੇ

ਨਵਾਂ ਜ਼ਮਾਨਾ ਐਤਵਾਰਤਾ

www.nawanzamana.in

Regd. No : Pb/JL-123/2021-2023, (R.N.I.)-00068/57

ਜਲੰਧਰ : ਐਤਵਾਰ, 8 ਜਨਵਰੀ 2023

ਕੀਮਤ 5.00 ਰੁਪਏ

ਮੁੱਲਾਂ ਕਾਜ਼ੀ ਢਿੱਡੋਂ ਖੋਟੋ
ਵੱਢੀ ਖਾ-ਖਾ ਹੋ ਗਏ ਮੋਟੇ
ਸੱਚ ਆਂਖਾਂ ਤੇ ਮਾਰਨ ਸੋਟੇ
ਮਗਰੋਂ ਦਿੰਦੇ ਫ਼ਤਵਾ ਲਾ
ਅੱਲ੍ਹਾ ਮੀਆਂ ਥੱਲੇ ਆ।

-ਸਾਈਂ ਅਖ਼ਤਰ ਲਾਹੌਰੀ

ਫਲਸਫ਼ਾ

ਮਨਮੋਹਨ ਬਾਵਾ

'ਲਾਓ ਤਸੂ' ਦਾ ਦਰਸ਼ਨ

ਚੀਨ ਵਿੱਚ 'ਲਾਓ ਤਸੂ' ਨਾਂਅ ਦਾ ਇੱਕ ਮਹਾਨ ਦਾਰਸ਼ਨਿਕ ਹੋ ਗੁਜ਼ਰਿਆ ਹੈ। ਜਿਸ ਦੇ ਵਿਚਾਰ 'ਤਾਓ-ਤੇ-ਚਿੰਗ' ਨਾਂਅ ਦੀ ਪੁਸਤਕ 'ਚ ਵੇਖੇ ਜਾਂ ਪੜ੍ਹੇ ਜਾ ਸਕਦੇ ਹਨ। ਤਾਓ ਤੇ ਚਿੰਗ ਦਾ ਅੰਗਰੇਜ਼ੀ 'ਚ ਭਾਸ਼ਾਂਤਰ ਕਰਨ ਵਾਲਿਆਂ ਨੇ ਇਸ ਨੂੰ (The Great Way) ਦਾ ਨਾਂਅ ਦਿੱਤਾ ਹੈ। ਇਸ ਦੇ ਜਿੰਨੇ ਭਾਸ਼ਾਂਤਰ ਹੋਏ ਹਨ ਓਨੇ ਬਾਈਬਲ ਦੇ ਸਿਵਾਏ ਦੁਨੀਆ 'ਚ ਹੋਰ ਕਿਸੇ ਗ੍ਰੰਥ ਦੇ ਨਹੀਂ ਹੋਏ। ਇਸ ਪੁਸਤਕ ਦਾ ਆਕਾਰ ਬਹੁਤ ਛੋਟਾ, ਭਾਸ਼ਾ ਬਹੁਤ ਸਰਲ, ਪਰ ਐਨੀ ਜਟਿਲ ਅਤੇ ਰਹੱਸਮਈ ਕਿ ਨਾ ਤੇ ਇਸ ਦਾ ਭਾਸ਼ਾਂਤਰ ਸਹੀ ਤੌਰ 'ਤੇ ਕਰਨਾ ਸੰਭਵ ਹੈ ਅਤੇ ਨਾ ਹੀ ਵਿਆਖਿਆ।

ਦਿਲਚਸਪੀ ਦੀ ਇੱਕ ਗੱਲ ਇਹ ਕਿ ਲਾਓ ਤਸੂ ਨੇ ਨਾ ਤੇ ਆਪਣੀ ਹੱਥੀਂ ਆਪਣੇ ਵਿਚਾਰ ਲਿਖੇ ਅਤੇ ਨਾ ਹੀ ਉਪਦੇਸ਼ਕਾਂ, ਪ੍ਰਚਾਰਕਾਂ ਵਾਂਗ ਪ੍ਰਵਚਨਾਂ ਦੇ ਰੂਪ ਵਿੱਚ ਕਦੇ ਕੁਝ ਆਖਿਆ, ਕਿਉਂਕਿ ਇਹਨਾਂ ਦਾ ਕਹਿਣਾ ਸੀ ਕਿ ਪਰਮ ਸੱਚ ਵਿਖਾਇਆ, ਦੱਸਿਆ ਜਾਂ ਬੋਲਿਆ ਨਹੀਂ ਜਾ ਸਕਦਾ। ਪਰਮ ਸੱਚ ਸ਼ਬਦਾਂ ਦੀ ਪਕੜ ਤੋਂ ਪਰ੍ਹੇ ਹੈ, ਗਿਆਨ ਤੋਂ ਵੀ ਪਰ੍ਹੇ ਹੈ, ਜਿਸ ਨੂੰ ਕੇਵਲ ਅਨੁਭਵ ਹੀ ਕੀਤਾ ਜਾ ਸਕਦਾ ਹੈ। ਇਸ ਦੇ ਪਿੱਛੇ ਲਾਓ ਤਸੂ ਦਾ ਤਰਕ ਹੈ ਕਿ ਜੋ ਅਸੀਂ ਆਪਣੀ ਦੁਨੀਆ ਜਾਂ ਬਾਹਰੀ ਦੁਨੀਆ ਨੂੰ ਮੰਨਦੇ ਹਾਂ, ਉਹ ਸਾਡਾ ਮੂਲ ਰੂਪ ਨਹੀਂ ਹੈ, ਬਲਕਿ ਸਾਨੂੰ ਸਿਖਾਇਆ ਗਿਆ ਹੈ ਪਰਵਾਰ ਵੱਲੋਂ, ਧਰਮ ਵੱਲੋਂ ਜਾਂ ਗ੍ਰਹਿਣ ਕੀਤਾ ਹੋਇਆ ਹੈ, ਆਸ- ਪਾਸ ਦੇ ਮਾਹੌਲ ਤੋਂ, ਪੁਸਤਕਾਂ ਤੋਂ, ਸਾਧਾਂ-ਮਹੰਤਾਂ ਤੋਂ। ਮੋਟੇ ਤੌਰ 'ਤੇ ਸੱਚ ਨੂੰ ਜਾਣ ਸਕਦੇ ਹਾਂ, ਵੇਖ ਸਕਦੇ ਹਾਂ, ਪਰ ਕਿਸੇ ਤਰਕ ਦੁਆਰਾ ਨਹੀਂ ਅਤੇ ਜੇ ਜਾਣ ਲਿਆ ਤਾਂ ਕਹਿ ਨਹੀਂ ਸਕਦੇ, ਪ੍ਰਗਟਾਵਾ ਨਹੀਂ ਕਰ ਸਕਦੇ।

ਲਾਓ ਤੇ ਚਿੰਗ ਪੁਸਤਕ ਵਿੱਚ 81 ਅਧਿਆਇ, ਭਾਵ 81 ਕਵਿਤਾਵਾਂ ਹਨ। ਇੱਕ ਕਵਿਤਾ ਦਸ ਤੋਂ ਲੈ ਕੇ ਵੀਹ ਸਤਰਾਂ ਦੀ। ਕੁੱਲ ਮਿਲਾ ਕੇ 5000 ਸ਼ਬਦਾਂ ਤੋਂ ਵੱਧ ਨਹੀਂ, ਪਰ ਇਹਨਾਂ 81 ਛੋਟੀਆਂ-ਛੋਟੀਆਂ ਕਵਿਤਾਵਾਂ 'ਚ ਐਵੇਂ ਡੂੰਘੇ ਵਿਚਾਰ ਲੁਕੇ ਹੋਏ ਹਨ, ਜਿਸ ਦੀ ਵਿਆਖਿਆ 'ਓਸ਼ੋ' ਨੇ 450 ਪੰਨਿਆਂ ਦੇ ਛੇ ਗ੍ਰੰਥ-ਖੰਡਾਂ ਵਿੱਚ ਕੀਤੀ ਹੈ। ਇਹ ਵੀ ਅਤਿ-ਕਥਨੀ ਨਹੀਂ ਹੋਵੇਗਾ ਕਿ ਇਹ ਇੱਕ ਅਸਾਧਾਰਨ ਪੁਸਤਕ ਹੈ ਅਤੇ ਇਸ ਦਾ ਵਿਚਾਰ-ਆਤਮਿਕ ਪੱਧਰ ਐਸਾ ਠੋਸ ਅਤੇ ਸੰਘਣਾ ਕਿ ਐਵੇਂ ਥੋੜ੍ਹੇ ਸ਼ਬਦਾਂ 'ਚ ਐਵੇਂ ਉੱਚੇ ਵਿਚਾਰ ਦੀ ਪੇਸ਼ਕਾਰੀ ਨਾ ਇਸ ਤੋਂ ਪਹਿਲਾਂ ਕਦੇ ਹੋਈ ਅਤੇ ਨਾ ਹੀ ਇਸ ਤੋਂ ਬਾਅਦ ਅੱਜ ਤੱਕ ਹੋਈ ਹੈ।

ਲਾਓ ਤਸੂ ਨੂੰ ਸਮਝਣ ਲਈ ਉਸ ਦੇ ਵਿਪਰੀਤ ਦੇ ਫਿਲਾਸਫਰ ਅਰਸਤੂ ਦਾ ਸਹਾਰਾ ਲਿਆ ਜਾ ਸਕਦਾ ਹੈ। ਅਰਸਤੂ ਨੂੰ ਸਮਝਣਾ ਸਰਲ ਹੈ ਕਿਉਂਕਿ ਉਹ ਦੁਨਿਆਵੀ ਕੰਮ ਦਾ ਹੈ, ਚਾਹੇ ਜ਼ਰਾ ਕੁ ਡੂੰਘਿਆਂ ਵੇਖਦਿਆਂ ਅਰਸਤੂ ਦੇ ਵਿਚਾਰ ਆਦਮੀ ਦੇ ਆਪਣੇ ਲਈ ਅਤੇ ਦੁਨੀਆ ਲਈ ਖਤਰਨਾਕ ਸਿੱਧ ਹੋ ਸਕਦੇ ਹਨ। ਅਰਸਤੂ 'ਤਾਕਤ' ਕਿਵੇਂ ਮਿਲੇ, ਕਾਮਯਾਬੀ ਕਿਵੇਂ ਮਿਲੇ,



ਇਸ ਦੀ ਗੱਲ ਕਰਦਾ ਹੈ ਅਤੇ ਲਾਓ ਤਸੂ 'ਸ਼ਾਂਤੀ' ਕਿਵੇਂ ਮਿਲੇ, ਉਸ ਦਾ ਸੂਤਰ ਹੈ, ਚਾਹੇ ਸ਼ਾਂਤੀ ਦੇ ਅੰਤਮ ਰੂਪ 'ਚ 'ਸ਼ਕਤੀ' ਅਤੇ ਸ਼ਕਤੀ ਦੇ ਅੰਤਮ ਰੂਪ 'ਚ ਅਸ਼ਾਂਤੀ ਦੇ ਸਿਵਾਏ ਹੋਰ ਕੁਝ ਨਹੀਂ- ਅਸ਼ਾਂਤੀ ਆਪਣੇ ਲਈ ਅਤੇ ਦੂਜਿਆਂ ਲਈ। ਅਰਸਤੂ ਦੀ ਫਿਲਾਸਫੀ ਹੈ ਪ੍ਰਮਾਣੂ ਬੰਬ ਅਤੇ ਏ ਕੇ ਸੰਤਾਲੀ ਬਣਾਉਣ ਵਾਲਿਆਂ ਲਈ, ਸਾਡੇ ਭ੍ਰਿਸ਼ਟ ਨੇਤਾਵਾਂ ਅਤੇ ਸਾਡੇ ਆਪਣੇ ਸਾਰਿਆਂ ਲਈ। ਅਸੀਂ ਚਾਹੇ ਸਾਧਾਰਨ ਮਨੁੱਖ, ਚਾਹੇ ਬਾਦਸ਼ਾਹ, ਸਾਰਿਆਂ 'ਚ ਯਸ਼ ਦੀ ਅਕਾਂਖਿਆ ਹੈ। ਅਕਾਂਖਿਆ ਦੇ ਕਈ ਰੂਪ : ਧਨ-ਦੌਲਤ, ਪਦ, ਯਸ਼, ਅਹੰਕਾਰ ਦੀ ਪੂਰਤੀ। ਇਸੇ ਕਰਕੇ ਅਸੀਂ ਸਾਰੇ ਅਰਸਤੂ ਦੇ ਪਿੱਛੇ ਨੱਸਦੇ ਹਾਂ। ਅਰਸਤੂ ਦਾ ਸ਼ਾਸਤਰ ਖੋਹਣ ਦਾ ਸ਼ਸਤਰ ਹੈ। ਯੂਰਪੀ ਦੇਸ਼ਾਂ ਨੇ ਇਸੇ ਨੂੰ ਅਪਣਾਇਆ। ਸਾਰੀ ਦੁਨੀਆ ਨੂੰ ਆਪਣਾ ਗੁਲਾਮ ਬਣਾਉਣ, ਕਾਲੋਨੀਆਂ ਸਥਾਪਤ ਕਰਨ 'ਚ ਲੱਗਿਆ ਰਿਹਾ ਅਤੇ ਇਸ ਦਾ ਪਰਿਣਾਮ? ਦੋ ਵਿਸ਼ਵ ਯੁੱਧ, ਜੋ ਵਿਸ਼ਵ ਯੁੱਧ ਨਹੀਂ, ਬਲਕਿ ਯੂਰਪ ਦੇ ਦੇਸ਼ਾਂ ਦੀ ਖਾਨਾਜੰਗੀ (Civil War) ਹੀ ਸੀ।

ਅਰਸਤੂ ਜਾਂ ਸੁਕਰਾਤ ਦਾ ਗਿਆਨ (ਵਿਗਿਆਨ) ਸਾਨੂੰ ਜਿੱਥੇ ਅਸੀਂ ਖੜੇ ਹਾਂ, ਓਥੇ ਖੜਿਆਂ ਨੂੰ ਮਿਲ ਸਕਦਾ ਹੈ, ਪਰ ਵਾਸਤਵ ਗਿਆਨ ਚਾਹੇ ਉਹ ਲਾਓ ਤਸੂ ਦਾ ਹੋਵੇ, ਚਾਹੇ ਕਿਸੇ ਹੋਰ ਦਾ, ਸਾਨੂੰ ਅੱਗੇ ਵਧ ਕੇ ਆਪ ਉਪਰ ਉੱਠ ਕੇ ਪ੍ਰਾਪਤ ਹੁੰਦਾ ਹੈ।

ਲਾਓ ਤਸੂ ਦਾ ਜਨਮ 604 ਪੂਰਬੀ ਈਸਵੀ 'ਚ ਹੋਇਆ ਅਤੇ ਚੀਨ ਦੇ ਇੱਕ ਹੋਰ ਪ੍ਰਸਿੱਧ ਦਾਰਸ਼ਨਿਕ ਕਨਫਿਊਸ਼ਸ ਦਾ ਜਨਮ 551 ਪੂਰਬ ਈਸਵੀ 'ਚ। ਇੱਥੇ ਇੱਕ ਹੋਰ ਗੱਲ ਦਾ ਜ਼ਿਕਰ ਕਰਨਾ ਬਣਦਾ ਹੈ। ਉਹ ਇਹ ਕਿ ਦੁਨੀਆ ਦੇ ਬਹੁਤ ਸਾਰੇ ਪ੍ਰਸਿੱਧ ਫਿਲਾਸਫਰਾਂ ਦਾ ਜਨਮ ਤਕਰੀਬਨ ਇਸੇ ਸਮੇਂ ਦੇ ਨੇੜੇ-ਤੇੜੇ ਮੰਨਿਆ ਜਾਂਦਾ ਹੈ। ਕਨਫਿਊਸ਼ਸ ਦੇ ਇਲਾਵਾ ਪਲੈਟੋ, ਸੁਕਰਾਤ, ਮਹਾਤਮਾ ਬੁੱਧ, ਪਤੇਜਲੀ ਅਤੇ ਉਪਨਿਸ਼ਦਾਂ ਦੇ ਕਈ ਰਚੇਤਾ ਇਹਨਾਂ ਹੀ ਸਮਿਆਂ 'ਚ ਹੋ ਗੁਜ਼ਰੇ ਹਨ।

ਅੱਜ ਦੇ ਚੀਨ ਬਾਰੇ ਤਾਂ ਇਸ ਸੰਦਰਭ 'ਚ ਕੁਝ ਕਿਹਾ ਨਹੀਂ ਜਾ ਸਕਦਾ, ਪਰ ਢਾਈ ਹਜ਼ਾਰ ਸਾਲ ਤੱਕ ਜਿਨ੍ਹਾਂ ਦਾਰਸ਼ਨਿਕਾਂ ਨੇ ਚੀਨੀਆਂ ਦੇ ਸਮੂਹਕ ਜੀਵਨ ਨੂੰ ਪ੍ਰਭਾਵਤ ਕੀਤਾ, ਉਹ ਮੂਲ ਤੌਰ 'ਤੇ ਲਾਓ ਤਸੂ, ਕਨਫਿਊਸ਼ਸ ਅਤੇ ਮਹਾਤਮਾ ਬੁੱਧ ਹਨ। ਲਾਓ ਤਸੂ ਦੇ ਜੀਵਨ ਬਾਰੇ ਬਹੁਤ ਕੁਝ ਨਹੀਂ ਪਤਾ। ਜਿੰਨਾ ਕੁ ਪਤਾ ਹੈ, ਉਹ ਇਹ ਕਿ ਲਾਓ ਤਸੂ ਮੱਧ ਚੀਨ ਦੇ ਯੂਨਾਨ ਪ੍ਰਾਂਤ 'ਚ ਪੈਦਾ ਹੋਇਆ। ਇੱਕ ਚੀਨੀ ਇਤਿਹਾਸਕਾਰ ਯਸੂ-ਮਾ ਚੀਨ ਦੇ ਕਹਿਣ ਅਨੁਸਾਰ, ਜੋ ਦੂਸਰੀ ਪੂਰਬ ਈਸਾਈ 'ਚ ਪੈਦਾ ਹੋਇਆ, ਲਾਓ ਤਸੂ ਸ਼ਾਹੀ ਲਾਇਬਰੇਰੀ ਦਾ ਲਾਇਬਰੇਰੀਅਨ ਸੀ। ਉਸ ਸਮੇਂ ਇਹ ਇੱਕ ਸਿਆਣੇ ਮਨੁੱਖ ਦੇ ਤੌਰ 'ਤੇ ਜਾਣਿਆ ਜਾਂਦਾ ਸੀ। ਇਸ ਦਾ ਪਹਿਲਾ ਨਾਂਅ 'ਲਾਈ-ਤਾਨ' ਸੀ, ਜੋ ਕੁਝ ਸਮੇਂ ਬੀਤਣ ਨਾਲ ਲਾਓ-ਤਸੂ ਭਾਵ 'ਬਜ਼ੁਰਗ ਦਾਰਸ਼ਨਕ' 'ਚ ਬਦਲ ਗਿਆ।

ਬਹੁਤ ਵਰ੍ਹਿਆਂ ਤੱਕ ਚੀਨ ਦੀ ਰਾਜਧਾਨੀ 'ਚ ਰਹਿੰਦਿਆਂ ਜਦ ਇਸ ਨੇ ਅਨੁਭਵ ਕੀਤਾ ਕਿ ਚੀਨ ਦੇ ਉਸ ਸਮੇਂ ਦੇ ਸ਼ਾਸਕ ਵਰਗ ਦਾ ਢਾਂਚਾ ਐਨਾ ਭ੍ਰਿਸ਼ਟ ਅਤੇ ਵੱਢ-ਖੋਰ ਹੋ ਗਿਆ ਹੈ (ਜਿਵੇਂ ਕਿ ਅੱਜ ਦਾ ਭਾਰਤ-ਵਰਸ਼ ਦਾ ਢਾਂਚਾ), ਕਿ ਇਸ ਵਿੱਚ ਸਾਹ ਲੈਣਾ ਵੀ ਕਠਿਨ ਹੈ, ਤੇ ਇਸ ਨੇ ਆਪਣੇ ਪਦ ਤੋਂ ਅਸਤੀਫਾ ਦੇ ਦਿੱਤਾ।

'ਤਾਓ ਤੇ ਚਿੰਗ' ਦੇ ਲਿਖੇ ਜਾਣ ਬਾਰੇ ਵੀ ਕਈ ਦਿਲਚਸਪ ਕਹਾਣੀਆਂ ਪ੍ਰਚੱਲਤ ਹਨ। ਉਹਨਾਂ 'ਚੋਂ ਇੱਕ ਇਹ ਕਿ ਇੱਕ ਵਾਰ ਆਪਣੇ ਜੀਵਨ ਦੇ ਆਖਰੀ ਦਿਨਾਂ ਵਿੱਚ ਉਹ ਆਪਣੀ ਰਿਆਸਤ ਛੱਡ ਕੇ ਚਲੇ ਜਾਣ ਦਾ ਨਿਸ਼ਚਾ ਕਰਕੇ ਅਤੇ ਆਪਣੇ ਇੱਕ ਨੌਕਰ ਨੂੰ ਲੈ ਕੇ ਤੁਰ ਪਿਆ। ਜਿਸ ਵੇਲੇ ਰਿਆਸਤ ਦੀ ਸੀਮਾ 'ਤੇ ਪਹੁੰਚਿਆ ਤਾਂ ਚੁੰਗੀ-ਮਹਿਸੂਲ ਉਗਰਾਹੁਣ ਵਾਲੇ ਦਰੋਗੇ ਨੇ ਪੁੱਛਿਆ ਕਿ ਤੂੰ ਕੋਈ ਐਸੀ-ਵੈਸੀ ਕੀਮਤੀ ਵਸਤੂ ਤਾਂ ਨਹੀਂ ਲੈ ਕੇ ਜਾ ਰਿਹਾ। ਜੇ ਜਾ ਰਿਹਾ ਏਂ ਤਾਂ ਦੱਸ ਦੇ। ਉਸ ਉੱਤਰ 'ਚ ਆਖਿਆ ਕਿ ਉਹ ਐਸੀ ਕੋਈ ਵਸਤੂ ਨਹੀਂ ਲੈ ਕੇ ਜਾ ਰਿਹਾ, ਪਰ ਉਸ ਦੇ ਨਾਲ ਜਾ ਰਹੇ ਦਾਸ ਨੇ ਦਰੋਗੇ ਨੂੰ ਦੱਸਿਆ ਕਿ ਉਹ ਆਪਣੇ ਨਾਲ ਇੱਕ ਬਹੁਮੁੱਲੀ ਵਸਤੂ ਲੈ ਕੇ ਜਾ ਰਿਹਾ ਹੈ ਅਤੇ ਉਹ ਇਸ ਦੇ ਮਸਤਕ ਵਿੱਚ ਹੈ। ਦਰੋਗੇ ਨੇ ਵੀ ਸ਼ਾਇਦ ਲਾਓ-ਤਸੂ ਦਾ ਨਾਂਅ ਸੁਣਿਆ ਹੋਇਆ ਸੀ। ਉਸ ਆਖਿਆ ਕਿ ਜਦ ਤੱਕ ਉਹ ਆਪਣੇ ਉਨ੍ਹਾਂ ਬਹੁਮੁੱਲੇ ਵਿਚਾਰਾਂ ਨੂੰ ਜੋ ਉਸ ਦੇ ਮਸਤਕ 'ਚ ਹਨ, ਉਸ ਨੂੰ ਲਿਖਾ ਨਹੀਂ ਦਿੰਦਾ, ਤਦ ਤੱਕ ਉਸ ਨੂੰ ਜਾਣ ਦੀ ਆਗਿਆ ਨਹੀਂ ਮਿਲ ਸਕਦੀ। ਸੋ ਇਸ ਤਰ੍ਹਾਂ 'ਤਾਓ ਤੇ ਚਿੰਗ' ਲਿਖਤੀ ਸ਼ਕਲ 'ਚ ਦੁਨੀਆ ਤੱਕ ਪਹੁੰਚਿਆ। ਇੱਕ ਹੋਰ :

ਜੋ ਦੂਜਿਆਂ ਨੂੰ ਜਾਣਦਾ ਹੈ ਉਹ ਹੈ ਸਿਆਣਾ
ਜੋ ਆਪਣੇ ਆਪ ਨੂੰ ਜਾਣਦਾ ਹੈ, ਉਹ ਹੈ ਪ੍ਰਬੁੱਧ
ਜੋ ਦੂਜਿਆਂ 'ਤੇ ਜਿੱਤ ਪ੍ਰਾਪਤ ਕਰਦਾ ਹੈ,
ਉਹ ਹੈ ਜ਼ੋਰਾਵਰ
ਜੋ ਆਪਣੇ ਆਪ 'ਤੇ ਜਿੱਤ ਪ੍ਰਾਪਤ ਕਰਦਾ ਹੈ,
ਉਹ ਹੈ ਮਹਾਨ
ਜਿਸ ਨੇ ਸੰਤੋਖ ਪਾਇਆ, ਉਹ ਹੈ ਸਮ੍ਰਿੱਧ
ਜੋ ਆਪਣੇ ਉੱਚਿਤ ਸਥਾਨ ਤੋਂ ਵਿਚਲਿਤ ਨਾ ਹੋਵੇ
ਉਹ ਟਿਕੇਗਾ ਲੰਮੇ ਸਮੇਂ ਤੱਕ
ਜੋ ਮਰ ਸਕਦਾ ਹੋਵੇ, ਪਰ ਨਾਸ ਨਾ ਹੋਵੇ
ਉਹ ਹੈ ਚਿਰਜੀਵੀ

'ਓਸ਼ੋ' ਦੇ ਸ਼ਬਦਾਂ ਵਿੱਚ ਤਾਓ ਕੀ ਹੈ?

ਤਾਓ ਹੈ ਪ੍ਰਕਿਰਤੀ! ਤਾਓ ਹੈ ਸਹਿਜਤਾ! ਤਾਓ ਹੈ ਰੁੱਤ। ਜੀਵਨ ਨੂੰ ਸਹਿਜ ਸਵੀਕਾਰ ਕਰਨਾ। ਆਪਣੇ 'ਚ ਸਥਿਤ ਹੋਣਾ। ਸਵੈਅਮ ਹੋਣਾ। ਆਪਣੇ ਮੌਲਿਕ ਰੂਪ 'ਚ ਹੋਣਾ। ਇਹ ਤਾਓ ਹੈ।

ਲਾਓ ਤਸੂ ਦੇ ਪੈਰੋਕਾਰ ਚੀਨ, ਜਾਪਾਨ 'ਚ ਕਾਫੀ ਗਿਣਤੀ 'ਚ ਪੈਦਾ ਹੋਏ, ਜਿਨ੍ਹਾਂ ਨੇ ਅੱਗੇ ਜਾ ਕੇ ਜ਼ੈਨ ਕਥਾ ਜਾਂ ਜ਼ੈਨ ਕਵਿਤਾ ਨੂੰ ਜਨਮ ਦਿੱਤਾ। ਜਾਪਾਨ 'ਚ ਇਸ ਨੂੰ 'ਜ਼ੈਨ' ਅਤੇ ਚੀਨ 'ਚ ਇਸ ਨੂੰ 'ਚਿੰਗ' ਦਾ ਨਾਂਅ ਦਿੱਤਾ ਗਿਆ ਹੈ।

ਜਾਂ
ਸੱਚੇ ਸ਼ਬਦ ਵਖਾਵਾ ਨਹੀਂ ਕਰਦੇ
ਵਖਾਵੇ ਵਾਲੇ ਸ਼ਬਦ ਸੱਚੇ ਨਹੀਂ ਹੁੰਦੇ

ਜੋ ਗਿਆਨੀ ਹਨ, ਉਹ ਬਹੁਤੇ ਵਿਦਵਾਨ ਹੋਣ, ਇਹ ਜ਼ਰੂਰੀ ਨਹੀਂ ਜੋ ਬਹੁਤੇ ਵਿਦਵਾਨ ਹੁੰਦੇ ਹਨ, ਉਹ ਗਿਆਨ ਵੀ ਰੱਖਦੇ ਹੋਣ ਇਹ ਵੀ ਜ਼ਰੂਰੀ ਨਹੀਂ ਨੇਕ ਵਿਅਕਤੀ ਕੋਲ (ਦੁਨਿਆਵੀ ਪੱਧਰ 'ਤੇ) ਬਹੁਤਾ ਕੁਝ ਨਹੀਂ ਹੁੰਦਾ ਜਿਨ੍ਹਾਂ ਕੋਲ ਬਹੁਤਾ ਹੁੰਦਾ ਹੈ, ਉਹ ਨੇਕ ਨਹੀਂ ਹੁੰਦੇ ਬੁੱਧ ਪੁਰਸ਼ ਕੁਝ ਵੀ ਇਕੱਤਰ ਨਹੀਂ ਕਰਦਾ ਉਹ ਆਪਣੀਆਂ ਵਸਤੂਆਂ ਨੂੰ ਦੂਸਰਿਆਂ ਵਾਸਤੇ ਵਰਤਦਾ ਹੈ ਤੇ ਉਸ ਦਾ ਭੰਡਾਰ ਹੋਰ ਵੀ ਭਰਪੂਰ ਹੁੰਦਾ ਹੈ
ਜਿੰਨਾ ਉਹ ਵੰਡਦਾ, ਉਹ ਓਨਾ ਹੀ ਅਮੀਰ ਹੁੰਦਾ ਹੈ
ਬੁੱਧੀਵਾਨ ਵਿਅਕਤੀ ਦੂਸਰਿਆਂ ਦੇ ਹਿੱਤ ਲਈ ਵਿਵਹਾਰ ਕਰਦਾ ਹੈ ਨਾ ਕਿ ਉਹਨਾ ਨਾਲ ਮੁਕਾਬਲੇਬਾਜ਼ੀ ਕਰਦਾ ਹੈ।

ਜਾਂ
ਜੋ ਤੁਹਾਨੂੰ ਪ੍ਰਾਪਤ ਹੈ, ਉਸ 'ਚ ਸੰਤੁਸ਼ਟ ਰਹੋ
ਜਿਸ ਤਰ੍ਹਾਂ ਹੈ ਅਤੇ ਜੋ ਹੈ, ਉਸ 'ਚ ਆਨੰਦਿਤ ਰਹੋ
ਜਦੋਂ ਤੁਸੀਂ ਇਹ ਮਹਿਸੂਸ ਕਰਨ ਲੱਗੋਗੇ
ਤਾਂ ਸਾਰੀ ਦੁਨੀਆ ਤੁਹਾਡੀ ਹੋ ਜਾਵੇਗੀ।

ਇੱਕ ਥਾਵੇਂ ਲਾਓ-ਦਸੋ ਕਹਿੰਦਾ ਹੈ : 'ਮੇਰੇ ਤਿੰਨ ਖਜ਼ਾਨੇ ਹਨ, ਉਹਨਾਂ 'ਤੇ ਪਹਿਰਾ ਦੇਵੋ। ਉਹਨਾਂ ਨੂੰ ਸੁਰੱਖਿਅਤ ਰੱਖੋ।'

ਪਹਿਲਾ ਹੈ : ਪ੍ਰੇਮ
ਚੰਗੀ ਤਰ੍ਹਾਂ ਪ੍ਰੇਮ ਕਰਨ ਦਾ ਅਰਥ ਹੈ : ਅਹੰਕਾਰ ਹਟਾ ਕੇ ਪ੍ਰੇਮ ਕਰਨਾ। ਅਹੰਕਾਰ ਦੇ ਮਾਧਿਅਮ ਦੁਆਰਾ ਨਹੀਂ, ਕਿਉਂਕਿ ਜਦ ਅਹੰਕਾਰ ਦੇ ਮਾਧਿਅਮ ਦੁਆਰਾ ਪ੍ਰੇਮ ਹੁੰਦਾ ਹੈ ਤਾਂ ਤੁਸੀਂ ਦੂਸਰੇ ਨੂੰ ਪ੍ਰੇਮ ਨਹੀਂ ਕਰਦੇ। ਤੁਸੀਂ ਦੂਸਰੇ ਦੁਆਰਾ ਆਪਣੇ-ਆਪ ਨੂੰ ਪਰੇਮ ਕਰਦੇ ਹੋ। ਤੁਸੀਂ ਦੂਸਰੇ ਦਾ ਉਪਯੋਗ ਕਰਦੇ ਹੋ।

ਇੱਕ ਹੋਰ :
ਵੀਰ ਸੈਨਿਕ ਹਿੰਸਕ ਨਹੀਂ ਹੁੰਦਾ,
ਚੰਗਾ ਸ਼ਮਸ਼ੀਰਬਾਜ਼ ਕ੍ਰੋਧ ਨਹੀਂ ਕਰਦਾ,
ਵੱਡਾ ਵਿਜੇਤਾ ਛੋਟੀਆਂ ਗੱਲਾਂ ਲਈ ਨਹੀਂ ਲੜਦਾ,
ਮਨੁੱਖਾਂ ਦਾ ਚੰਗਾ ਪ੍ਰਯੋਗ ਆਪਣੇ ਨੂੰ ਦੂਜਿਆਂ ਤੋਂ ਨੀਵਾਂ ਰੱਖਣਾ ਹੈ। -ਅਸੰਘਰਸ਼ ਦਾ ਇਹੀ ਸਦਗੁਣ ਹੈ।

ਜੀਵਨ ਜਾਚ

ਪ੍ਰੋ. ਕੁਲਵੰਤ ਸਿੰਘ ਔਜਲਾ

ਮਿਲ ਜਾਵੋ ਆ ਕੇ ਕਦੀ, ਬਹੁਤ ਉਦਾਸ ਹਾਂ ਯਾਰੋ

ਕੁਝ ਥਾਵਾਂ ਐਸੀਆਂ ਹੁੰਦੀਆਂ ਹਨ, ਜਿੱਥੇ ਬੰਦੇ ਦਾ ਵਾਰ-ਵਾਰ ਜਾਣ ਨੂੰ ਦਿਲ ਕਰਦਾ ਹੈ। ਨਾ ਜਾਈਏ ਤਾਂ ਇੱਕ ਹਉਕਾ ਤੁਹਾਡੀ ਰੂਹ ਅੰਦਰ ਰਿੜਦਾ ਰਹਿੰਦਾ ਹੈ। ਗੁਜ਼ਰੇ ਹੋਏ ਵਕਤ ਨੂੰ ਮਿਲਣ ਨਾਲ ਆਂਦਰਾਂ ਪੌਸ਼ਟਿਕ ਤੇ ਪਾਕ ਹੋ ਜਾਂਦੀਆਂ ਹਨ। ਬੀਤੇ ਹੋਏ ਸਮੇਂ ਦੀਆਂ ਸਿਮਰਤੀਆਂ ਤੇ ਸੁਪਨੇ ਇਨਸਾਨ ਨੂੰ ਸਿਰਜਣਾਤਮਕ ਊਰਜਾ ਤੇ ਉਤੇਜਨਾ ਦਿੰਦੇ ਹਨ। ਜਿਨ੍ਹਾਂ ਲੋਕਾਂ ਕੋਲ ਯਾਦਾਂ ਦਾ ਭਾਵਨਾਤਮਕ ਭੰਡਾਰ ਨਹੀਂ ਹੁੰਦਾ, ਉਹ ਲੋਕ ਜਲਦੀ ਬਿਰਧ ਤੇ ਬੇਉਮੀਦ ਹੋ ਜਾਂਦੇ ਹਨ। ਯਾਦਾਂ ਧੜਕਦੀ ਹੋਈ ਹਯਾਤੀ ਦਾ ਜ਼ਰਖੇਜ਼ ਤੇ ਜਜ਼ਬਾਤੀ ਸਰਮਾਇਆ ਹੈ। ਪੰਜਾਬੀ ਯੂਨੀਵਰਸਿਟੀ ਮੇਰੀ ਵਿੱਦਿਆ ਮਾਂ ਹੈ। ਅਸੀਂ ਪੋਂਡੂ ਜਿਹੇ ਲੋਕਾਂ ਨੇ ਇਸ ਯੂਨੀਵਰਸਿਟੀ ਦੀ ਅਦਬੀ ਆਬੋ-ਹਵਾ ਨੂੰ ਸੁੰਘ-ਸੁੰਘ ਕੇ ਜੀਊਣਾ, ਪੜ੍ਹਨਾ ਤੇ ਜੱਦੋ-ਜਹਿਦ ਕਰਨਾ ਸਿੱਖਿਆ। ਕੁਝ ਕਰਨ ਦੀ ਚਾਹਤ ਜਾਗੀ। ਜਜ਼ਬੇ ਪੰਘਰੇ, ਇੱਛਾਵਾਂ ਜਾਗ੍ਰਿਤ ਹੋਈਆਂ। ਭਾਵਨਾਵਾਂ ਦੇ ਸੇਕ ਵਿੱਚੋਂ ਕੁਝ ਰਿਸ਼ਤੇ ਜਨਮੇ। ਡਾ. ਹਰਚਰਨ ਸਿੰਘ ਦੀ ਮਾਸੂਮੀਅਤ, ਡਾ. ਰਵੀ ਦੀ ਵਿਦਵਤਾ ਤੇ ਡਾ. ਕਰਤਾਰ ਸਿੰਘ ਸੂਰੀ ਦਾ ਮੋਹ ਅੱਜ ਵੀ ਬੋਲਦਾ ਤੇ ਗੁਫਤਗੂ ਕਰਦਾ ਹੈ। ਇਸ ਯੂਨੀਵਰਸਿਟੀ ਦੇ ਸਨੇਹ ਤੇ ਸਾਂਝ ਕਰਕੇ ਡਾ. ਜਸਵਿੰਦਰ ਸਿੰਘ, ਡਾ. ਸਤ

8-Jan-Sunday.qxd 1/7/2023 10:02 PM Page 5

ਜਿੱਧਰ ਵੇਖੋ, ਮੁੱਦਿਆਂ ਦੇ ਢੇਰ, ਹੱਲ ਕਿਸੇ ਦਾ ਨਿਕਲਦਾ ਨਜ਼ਰ ਨਹੀਂ ਪੈ ਰਿਹਾ

ਦੁਨੀਆ ਹੋਵੇ, ਭਾਰਤ ਜਾਂ ਫਿਰ ਸਾਡਾ ਪੰਜਾਬ, ਹਰ ਵਾਰੀ ਸਾਡੇ ਲੋਕ ਕਿਸੇ ਭਲੇ ਦੀ ਆਸ ਕਰਦੇ ਹਨ, ਪਰ ਸਮਾਂ ਹਰ ਵਾਰੀ ਇਹ ਦੱਸਣ ਨੂੰ ਕਾਹਲਾ ਦਿਖਾਈ ਦੇਂਦਾ ਹੈ ਕਿ ਜਿਨ੍ਹਾਂ ਸਮੱਸਿਆਵਾਂ ਦਾ ਅਜੇ ਤੱਕ ਕੋਈ ਹੱਲ ਨਹੀਂ ਮਿਲਿਆ, ਉਨ੍ਹਾਂ ਦਾ ਹੱਲ ਲੱਭਣ ਦੀ ਹਾਲੇ ਵੀ ਬਹੁਤੀ ਆਸ ਨਾ ਰੱਖਿਓ। ਇਸ ਵਾਰ ਨਵਾਂ ਸਾਲ ਚੜ੍ਹਦੇ ਸਾਰ ਲੋਕੀਂ ਇਹ ਵੇਖ ਅਤੇ ਸੁਣ ਰਹੇ ਹਨ ਕਿ ਸਮੱਸਿਆਵਾਂ ਦੀ ਹਰ ਪਾਸੇ ਝੜੀ ਲੱਗੀ ਹੋਈ ਹੈ, ਪਰ ਹੱਲ ਕਿਸੇ ਪਾਸੇ ਨਹੀਂ ਦਿਸਦਾ।

ਪਹਿਲਾਂ ਅਸੀਂ ਸੰਸਾਰ ਦੀ ਹਾਲਤ ਵੇਖ ਲਈਏ ਤਾਂ ਜਿਹੜੀ ਜੰਗ ਯੂਕਰੇਨ ਖਿਲਾਫ ਰੂਸ ਨੇ ਪਿਛਲੇ ਵੀਹ ਫਰਵਰੀ ਦੇ ਦਿਨ ਛੇੜੀ ਸੀ, ਸਾਢੇ ਦਸ ਮਹੀਨੇ ਲੰਘਣ ਦੇ ਬਾਅਦ ਵੀ ਉਹ ਓਸੇ ਤਰ੍ਹਾਂ ਚੱਲੀ ਜਾਂਦੀ ਹੈ। ਯੂਕਰੇਨ ਦੀ ਸਰਕਾਰ ਕਦੇ ਵੀ ਆਪਣੇ ਸਿਰ ਏਡੀ ਲੰਮੀ ਜੰਗ ਨਹੀਂ ਸੀ ਲੜ ਸਕਦੀ, ਪਿੱਛੋਂ ਅਮਰੀਕੀ ਧੜੇ ਦੇ ਦੇਸ਼ਾਂ ਤੋਂ ਮਿਲਦੇ ਗੋਲਾ-ਬਾਰੂਦ ਜਾਂ ਅੰਨ-ਦਾਣੇ ਅਤੇ ਫੰਡਾਂ ਨਾਲ ਉਹ ਰੂਸ ਅੱਗੇ ਡਟਿਆ ਖੜ੍ਹਾ ਹੈ ਤੇ ਰੂਸ ਆਪਣੀ ਧੌਂਸ ਮਨਾਉਣ ਲਈ ਆਖਰੀ ਹੱਦ ਛੂਹਣ ਲਈ ਸਿਰ-ਪਰਨੇ ਜਾਪਦਾ ਹੈ। ਅਫਗਾਨਿਸਤਾਨ ਵਿੱਚ ਆਪਣੀ ਫੌਜ ਦਾ ਮੋਟਾ ਨੁਕਸਾਨ ਕਰਵਾਉਣ ਪਿੱਛੋਂ ਅਮਰੀਕਾ ਦੇ ਹਾਕਮ ਕੰਨੀ ਖਿਸਕਾ ਗਏ ਸਨ ਤੇ ਉਨ੍ਹਾਂ ਦੀ ਥਾਂ ਪਾਕਿਸਤਾਨ ਕਸੂਤਾ ਫਸ ਗਿਆ ਹੈ। ਤਹਿਰੀਕੇ ਤਾਲਿਬਾਨ ਪਾਕਿਸਤਾਨ ਦੇ ਨਾਂਅ ਉੱਤੇ ਤਾਲਿਬਾਨ ਦੀ ਇੱਕ ਸ਼ਾਖ ਬੀਤੇ ਕਈ ਸਾਲਾਂ ਤੋਂ ਪਾਕਿਸਤਾਨ ਵਿਰੁੱਧ ਹਮਲਾਵਰੀ ਕਰਦੀ ਆਈ ਹੈ ਅਤੇ ਅੱਜਕੱਲ੍ਹ ਹਮਲੇ ਹੋਰ ਤਿੱਖੇ ਕਰ ਦਿੱਤੇ ਹਨ। ਪਾਕਿਸਤਾਨ ਨੇ ਤਾਲਿਬਾਨ ਨੂੰ ਕਿਹਾ ਕਿ ਇਹ ਤੁਹਾਡੇ ਆਪਣੇ ਬੰਦੇ ਹਨ, ਸਾਡੇ ਉੱਤੇ ਹਮਲੇ ਕਰਨ ਤੋਂ ਰੋਕੋ, ਪਰ ਜਦੋਂ ਇਹ ਗੱਲ ਨਾ ਮੰਨੀ ਗਈ ਤਾਂ ਪਾਕਿਸਾਨ ਨੇ ਤਾਲਿਬਾਨ ਨੂੰ ਇਹ ਧਮਕੀ ਦੇ ਦਿੱਤੀ ਕਿ ਜੇ ਉਨ੍ਹਾਂ ਵਿਰੁੱਧ ਤੁਸੀਂ ਕਾਰਵਾਈ ਨਾ ਕੀਤੀ ਤਾਂ ਅਸੀਂ ਅਫਗਾਨਿਸਤਾਨ ਦੇ ਅੰਦਰ ਆ ਕੇ ਉਨ੍ਹਾਂ ਉੱਤੇ ਹਮਲੇ ਕਰਨ ਲਈ ਮਜਬੂਰ ਹੋਵਾਂਗੇ। ਅੱਗੋਂ ਤਾਲਿਬਾਨ ਨੇ ਪਾਕਿਸਤਾਨ ਨੂੰ ਬੰਗਲਾਦੇਸ਼ ਬਣਨ ਵੇਲੇ ਭਾਰਤੀ ਫੌਜ ਦੇ ਜਰਨੈਲ ਜਗਜੀਤ ਸਿੰਘ ਅਰੋੜਾ ਸਾਹਮਣੇ ਹਥਿਆਰ ਸੁੱਟਣ ਦੇ ਕਾਗਜ਼ਾਂ ਉੱਤੇ ਦਸਖਤ ਕਰਦੇ ਪਾਕਿਸਤਾਨ ਦੇ ਜਰਨੈਲ ਏ ਏ ਕੇ ਨਿਆਜ਼ੀ ਦੀ ਫੋਟੋ ਵਿਖਾ ਕੇ ਕਹਿ ਦਿੱਤਾ ਕਿ ਪਾਕਿਸਤਾਨੀ ਫੌਜ ਨੇ ਅਫਗਾਨਿਸਤਾਨ ਉੱਤੇ ਹਮਲਾ ਕੀਤਾ ਤਾਂ ਇਹੀ ਕੁਝ ਇੱਕ ਵਾਰ ਫਿਰ ਤੁਹਾਡੇ ਨਾਲ ਹੋਊਗਾ। ਉਨ੍ਹਾਂ ਨੇ ਉਸ ਪਾਕਿਸਤਾਨ ਨੂੰ ਸ਼ੀਸ਼ਾ ਵਿਖਾਉਣ ਦੀ ਜੁਰਅੱਤ ਕੀਤੀ ਹੈ, ਜਿਹੜਾ ਪਿਛਲੇ ਤੀਹਾਂ ਸਾਲਾਂ ਤੋਂ ਉਨ੍ਹਾਂ ਨੂੰ ਪੈਦਾ ਕਰਨ ਤੋਂ ਲੈ ਕੇ ਔਖੇ ਵਕਤ ਅਮਰੀਕਾ ਤੋਂ ਲੁਕਾਉਣ ਅਤੇ ਉਨ੍ਹਾਂ ਦੇ ਦੇਸ਼ ਉੱਤੇ ਫਿਰ ਉਨ੍ਹਾਂ ਦਾ ਕਬਜ਼ਾ ਕਰਵਾਉਣ ਤੱਕ ਹਰ ਕਿਸਮ ਦੀ ਮਦਦ ਲਗਾਤਾਰ ਕਰਦਾ ਰਿਹਾ ਸੀ।

ਭਾਰਤ ਵਿਚਲੇ ਵੱਡੇ ਮਸਲਿਆਂ ਦੀ ਲੜੀ ਛੋਹਣੀ ਬੇਲੋੜੀ ਹੈ। ਚੋਣਵੇਂ ਮੁੱਦੇ ਛੋਹਣੇ ਹੋਣ ਤਾਂ ਕੇਂਦਰ ਸਰਕਾਰ ਚਲਾ ਰਹੀ ਸਿਆਸੀ ਧਿਰ ਦੀ ਦੋਵੀਂ ਥਾਈਂ ਆਪਣੀ ਸਰਕਾਰ ਦੇ ਬਾਵਜੂਦ ਮਹਾਰਾਸ਼ਟਰ ਤੇ ਕਰਨਾਟਕ ਵਿੱਚ ਇਲਾਕਿਆਂ ਦਾ ਰੌਲਾ ਲਗਾਤਾਰ ਵਧੀ ਜਾਂਦਾ ਹੈ। ਪਹਿਲਾਂ ਕਰਨਾਟਕ ਨੇ ਕਿਹਾ ਸੀ ਕਿ ਉਸ ਦੇ ਢਾਈ ਸੌ ਪਿੰਡ ਬੀਤੇ ਸਾਢੇ ਛੇ ਦਹਾਕਿਆਂ ਤੋਂ ਮਹਾਰਾਸ਼ਟਰ ਨਜਾਇਜ਼ ਦੱਬੀ ਬੈਠਾ ਹੈ, ਉਹ ਉਸ ਤੋਂ ਛੁਡਾਉਣੇ ਹਨ। ਫਿਰ ਮਹਾਰਾਸ਼ਟਰ ਵਿੱਚ ਭਾਜਪਾ ਅਤੇ ਸ਼ਿਵ ਸੈਨਾ ਨਾਲੋਂ ਟੁੱਟੇ ਹੋਏ ਧੜੇ ਦੀ ਸਾਂਝੀ ਸਰਕਾਰ ਨੇ ਕਹਿ ਦਿੱਤਾ ਕਿ ਉਹ ਪਿੰਡ ਅਸੀਂ ਨਹੀਂ ਛੱਡਣੇ, ਉਨ੍ਹਾਂ ਨੂੰ ਮੰਗਣ ਦੀ ਬਜਾਏ ਕਰਨਾਟਕ ਸਾਢੇ ਅੱਠ ਸੌ ਤੋਂ ਵੱਧ ਸਾਡੇ ਪਿੰਡ ਛੱਡੇ, ਨਹੀਂ ਤਾਂ ਅਸੀਂ ਛੁਡਾ ਲਵਾਂਗੇ। ਇਸ ਰੌਲੇ ਮਗਰੋਂ ਦੋ ਸੌ ਤੋਂ ਵੱਧ ਪਿੰਡਾਂ ਨੇ ਮਤਾ ਪਾਸ ਕਰ ਦਿੱਤਾ ਕਿ ਉਹ ਮਹਾਰਾਸ਼ਟਰ ਨਾਲ ਨਹੀਂ ਰਹਿਣਾ ਚਾਹੁੰਦੇ, ਮੱਧ ਪ੍ਰਦੇਸ਼ ਦੇ ਨਾਲ ਜੁੜਨਾ ਚਾਹੁੰਦੇ ਹਨ। ਝਗੜੇ ਵਿੱਚ ਖਿੱਚੇ ਗਏ ਇਸ ਤੀਸਰੇ ਰਾਜ ਮੱਧ ਪ੍ਰਦੇਸ਼ ਦੀ ਸਰਕਾਰ ਵੀ ਭਾਜਪਾ ਦੀ ਹੈ ਅਤੇ ਤਿੰਨਾਂ ਥਾਵਾਂ ਦੀਆਂ ਭਾਜਪਾ ਦੀਆਂ ਆਪਣੀਆਂ ਸਰਕਾਰਾਂ ਆਪੋ ਵਿੱਚ ਲੜਨ ਨੂੰ ਤਿਆਰ ਹੋਈ ਜਾਂਦੀਆਂ ਹਨ। ਜੇ ਇਹ ਖੇਡ ਕੁਝ ਅੱਗੇ ਵਧ ਗਈ ਤਾਂ ਪੰਜਾਬ ਤੇ ਹਰਿਆਣੇ ਸਮੇਤ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਹੋਰ ਵੀ ਕਈ ਰਾਜਾਂ ਵਿੱਚ ਇਹੋ ਜਿਹੇ ਝਗੜੇ ਭਖ ਪੈਣਗੇ।

ਪੰਜਾਬ ਅਤੇ ਹਰਿਆਣਾ ਵਿਚਾਲੇ ਪਾਣੀਆਂ ਦਾ ਮੁੱਦਾ ਕਿਸੇ ਪਾਸੇ ਨਹੀਂ ਲੱਗ ਰਿਹਾ ਤੇ ਬੀਤੇ ਹਫਤੇ ਇਸ ਮੁੱਦੇ ਦੇ ਹੱਲ ਲਈ ਕੇਂਦਰ ਦੇ ਪਾਣੀ ਵਸੀਲਿਆਂ ਬਾਰੇ ਮੰਤਰੀ ਦੀ ਮੀਟਿੰਗ ਵਿੱਚੋਂ ਵੀ ਕੋਈ ਕਿਰਨ ਨਜ਼ਰ ਨਹੀਂ ਆਈ। ਉਸ ਦਿਨ ਹਰਿਆਣੇ ਦਾ ਮੁੱਖ ਮੰਤਰੀ ਸੁਪਰੀਮ ਕੋਰਟ ਦੇ ਉਹ ਫੈਸਲੇ ਲਾਗੂ ਕਰਨ ਉੱਤੇ ਜ਼ੋਰ ਲਾਈ ਗਿਆ ਸੀ, ਜਿਨ੍ਹਾਂ ਵਿੱਚ ਹਰ ਵਾਰੀ ਪੰਜਾਬ ਨੂੰ ਸੱਟ ਵੱਜਦੀ ਰਹੀ ਸੀ ਤੇ ਪੰਜਾਬ ਦੇ ਮੁੱਖ ਮੰਤਰੀ ਨੇ ਉਨ੍ਹਾਂ ਫੈਸਲਿਆਂ ਨੂੰ ਗਲਤ ਧਾਰਨਾਵਾਂ ਨਾਲ ਕੀਤੇ ਹੋਏ ਦੱਸ ਕੇ ਮੁੱਢੋਂ-ਸੁੱਢੋਂ ਨਵੇਂ ਸਿਰੇ ਤੋਂ ਮਸਲਾ ਵਿਚਾਰਨ ਉੱਤੇ ਜ਼ੋਰ ਦੇਣਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਦੋਂ ਹਰਿਆਣਾ ਦੇ ਵੱਖ ਹੋਣ ਵਾਲੇ ਸਮੇਂ ਨਾਲੋਂ ਅੱਜ ਪੰਜਾਬ ਦੇ ਦਰਿਆਵਾਂ ਵਿੱਚ ਪਾਣੀ ਘਟ ਗਿਆ ਹੈ ਤੇ ਪਹਾੜਾਂ ਉੱਤੇ ਉਸ ਵਕਤ ਜਿੰਨੀ ਬਰਫ ਵੀ ਨਹੀਂ ਰਹੀ ਤਾਂ ਨਵੇਂ ਹਾਲਾਤ ਵਿੱਚ ਪੁਰਾਣੀਆਂ ਗੱਲਾਂ ਕਰਨ ਦਾ ਵੀ ਕੋਈ ਫਾਇਦਾ ਨਹੀਂ, ਪੰਜਾਬ ਤੋਂ ਪਾਣੀ ਮੰਗਣ ਦੀ ਥਾਂ ਪੰਜਾਬ ਨੂੰ ਪਾਣੀ ਦੇਣ ਦੀ ਲੋੜ ਪੈ ਜਾਣੀ ਹੈ। ਨਾਲ ਇਹ ਵੀ ਤੱਥ ਮੂਹਰੇ ਰੱਖ ਦਿੱਤੇ ਕਿ ਪੰਜਾਬ ਵੱਡਾ ਹੈ ਤੇ ਹਰਿਆਣਾ ਛੋਟਾ ਹੋਣ ਦੇ ਬਾਵਜੂਦ ਅੱਜ ਦੀ ਤਰੀਕ ਵਿੱਚ ਪੰਜਾਬ ਤੋਂ ਵੱਧ ਪਾਣੀ ਵਰਤ ਰਿਹਾ ਹੈ। ਨੁਕਸਾਨ ਤਾਂ ਪੰਜਾਬ ਦਾ ਹੋਈ ਜਾਂਦਾ ਹੈ, ਇਸ ਦੀ ਭਰਪਾਈ ਹੋਣੀ ਚਾਹੀਦੀ ਹੈ, ਹਰਿਆਣੇ ਨਾਲ ਬਹੁਤਾ ਲਿਹਾਜ਼ ਕਰਦੇ ਰਹਿਣ ਦੀ ਨੀਤੀ ਠੀਕ ਨਹੀਂ ਮੰਨੀ ਜਾ ਸਕਦੀ। ਸਾਫ ਹੈ ਕਿ ਇਹ ਮਸਲਾ ਮੁੜ ਕੇ ਸੁਪਰੀਮ ਕੋਰਟ ਵਿੱਚ ਪੁੱਜਣ ਵਾਲਾ ਮਾਹੌਲ ਬਣ ਗਿਆ ਹੈ। ਪਾਣੀ ਦੀ ਲੜਾਈ ਜਿਸ ਥਾਂ ਤੋਂ ਸ਼ੁਰੂ ਹੋਈ ਸੀ, ਫਿਰ ਓਥੇ ਦੀ ਓਥੇ ਪਹੁੰਚ ਗਈ ਜਾਪਦੀ ਹੈ।

ਇਸ ਪਿੱਛੋਂ ਪੰਜਾਬ ਦੀਆਂ ਵਿਰੋਧੀ ਸਿਆਸੀ ਪਾਰਟੀਆਂ ਇਹ ਦੋਸ਼ ਲਾਉਣ ਲੱਗੀਆਂ ਹਨ ਕਿ ਪੰਜਾਬ ਦੀ ਮੌਜੂਦਾ ਸਰਕਾਰ ਨੇ ਫਸਾ ਦੇਣਾ ਹੈ, ਇਸ ਦੇ ਪਿੱਛੇ ਪੰਜਾਬ ਦਾ ਪਾਣੀ ਹਰਿਆਣੇ ਨੂੰ ਵੇਚਣ ਵਾਲੀ ਚਾਲ ਨਜ਼ਰ ਆਉਂਦੀ ਹੈ, ਇਸ ਕਰ ਕੇ ਕੋਈ ਗੱਲ ਮੰਨਣੀ ਨਹੀਂ ਚਾਹੀਦੀ। ਇਹ ਦੋਸ਼ ਲਾਉਣ ਵਾਲੀਆਂ ਪਾਰਟੀਆਂ ਨੇ ਆਪਣੇ ਰਾਜ ਦੇ ਵਕਤ ਸੁਪਰੀਮ ਕੋਰਟ ਜਾਂ ਕੇਂਦਰ ਸਰਕਾਰ ਕੋਲ ਪੰਜਾਬ ਦਾ ਕੇਸ ਠੀਕ ਤਰ੍ਹਾਂ ਪੇਸ਼ ਕੀਤਾ ਹੁੰਦਾ ਤਾਂ ਜਿਸ ਮੁਸ਼ਕਲ ਵਿੱਚ ਇਸ ਵੇਲੇ ਫਸ ਚੁੱਕਾ ਹੈ, ਉਸ ਵਿੱਚ ਪੰਜਾਬ ਨੇ ਫਸਣਾ ਹੀ ਕਦੇ ਨਹੀਂ ਸੀ। ਨਵੇਂ ਮੁੱਖ ਮੰਤਰੀ ਨੇ ਜਿਹੜੇ ਦੋ ਫਾਰਮੂਲੇ ਕੇਂਦਰ ਸਾਹਮਣੇ ਰੱਖੇ ਹਨ, ਉਹ ਇਨ੍ਹਾਂ ਪਾਰਟੀਆਂ ਨੇ ਕਦੇ ਨਹੀਂ ਸੀ ਰੱਖੇ। ਪਹਿਲਾ ਮੁੱਦਾ ਇਹ ਕਿ ਹਰਿਆਣੇ ਨਾਲ ਵੰਡ ਕਰਨ ਦੇ ਵਕਤ ਪੰਜਾਬ ਦੇ ਪਾਣੀਆਂ ਦੀ ਇਕੱਲੀ ਗੱਲ ਨਹੀਂ ਸੀ ਹੋਣੀ ਚਾਹੀਦੀ, ਠੀਕ ਵੰਡ ਕਰਨੀ ਸੀ ਤਾਂ ਹਰਿਆਣੇ ਵਿੱਚ ਵਗਣ ਵਾਲੇ ਜਮਨਾ ਦਾ ਪਾਣੀ ਵੀ ਇਸ ਵਿੱਚ ਗਿਣਨਾ ਚਾਹੀਦਾ ਸੀ ਤੇ ਦੂਸਰਾ ਦੋਵਾਂ ਰਾਜਾਂ ਵਿਚਾਲੇ ਵਗਦੇ ਘੱਗਰ ਦਰਿਆ ਦਾ ਪਾਣੀ ਇਕੱਲਾ ਹਰਿਆਣਾ ਵਰਤ ਰਿਹਾ ਹੈ, ਉਹ ਵੀ ਇਸ ਵਿੱਚ ਗਿਣਨਾ ਚਾਹੀਦਾ ਹੈ। ਪਿਛਲੀਆਂ ਸਰਕਾਰਾਂ ਨੇ ਇਸ ਬਾਰੇ ਕਦੇ ਕਿਸੇ ਪੱਧਰ ਉੱਤੇ ਬਾਕਾਇਦਾ ਪੈਂਤੜਾ ਮੱਲਿਆ ਹੋਵੇ, ਇਸ ਦੀ ਸਾਨੂੰ ਜਾਣਕਾਰੀ ਨਹੀਂ ਮਿਲੀ। ਅਜੋਕਾ ਮੁੱਖ ਮੰਤਰੀ ਜੇ ਇਸ ਮੁੱਦੇ ਉੱਤੇ ਅੱਗੇ ਗੱਲ ਚਲਾਉਂਦਾ ਹੈ ਤਾਂ ਗੱਲ ਸਰਕਾਰੀ ਪੱਧਰ ਤੱਕ ਰਹੇ ਜਾਂ ਸੁਪਰੀਮ ਕੋਰਟ ਤੱਕ ਪਹੁੰਚ ਜਾਵੇ, ਇਸ ਦਾ ਹੱਲ ਵੀ ਸੰਸਾਰ ਤੇ ਦੇਸ਼ ਪੱਧਰ ਦੇ ਬਾਕੀ ਮੁੱਦਿਆਂ ਦੇ ਵਾਂਗ ਹਾਲ ਦੀ ਛੇਤੀ ਕੀਤੇ ਨਿਕਲਦਾ ਨਹੀਂ ਜਾਪਦਾ।

ਏਨੇ ਸਾਰੇ ਮੁੱਦਿਆਂ ਦੇ ਬਾਅਦ ਹੋਰ ਗਿਣਨੇ ਹੋਣ ਤਾਂ ਜਲੰਧਰ ਦੇ ਲਤੀਫਪੁਰਾ ਵਿੱਚ ਵੱਸਦੇ ਲੋਕਾਂ ਦੇ ਉਜਾੜੇ ਦਾ ਮੁੱਦਾ ਵੀ ਵਿਚਾਲੇ ਫਸਿਆ ਹੈ, ਜ਼ੀਰੇ ਦੀ ਸ਼ਰਾਬ ਫੈਕਟਰੀ ਦਾ ਮਾਮਲਾ ਵੀ ਹੱਲ ਨਹੀਂ ਹੋ ਰਿਹਾ ਅਤੇ ਬੇਅਦਬੀ ਕਾਂਡ ਦੇ ਵਿਰੁੱਧ ਬਹਿਬਲ ਕਲਾਂ ਵਾਲਾ ਮੋਰਚਾ ਵੀ ਅਜੇ ਤੱਕ ਚੱਲੀ ਜਾਂਦਾ ਹੈ। ਕਾਲਜ ਟੀਚਰਾਂ ਤੋਂ ਬੱਸਾਂ ਦੇ ਰੂਟਾਂ ਦੀ ਉਲਝਣ ਤੇ ਪਿਛਲੇ ਸਮੇਂ ਵਿੱਚ ਭਰਤੀ ਹੋਣ ਪਿੱਛੋਂ ਨੌਕਰੀ ਉੱਤੇ ਨਾ ਰੱਖੇ ਗਏ ਪਿਛਲੀਆਂ ਸਰਕਾਰਾਂ ਦੇ ਸਤਾਏ ਲੋਕਾਂ ਦੇ ਮਾਮਲੇ ਵੀ ਵਿਚਾਲੇ ਲਟਕ ਰਹੇ ਹਨ। ਕਦੀ-ਕਦੀ ਟਰੱਕ ਅਪਰੇਟਰਾਂ ਜਾਂ ਕਿਸੇ ਹੋਰ ਧਿਰ ਵੱਲੋਂ ਅਚਾਨਕ ਇੱਕ ਹੋਰ ਮੋਰਚਾ ਖੋਲ੍ਹਣ ਅਤੇ ਫਿਰ ਸਰਕਾਰ ਨਾਲ ਗੱਲਾਂ ਦੇ ਕਈ ਦੌਰ ਚੱਲਣ ਦੇ ਬਾਅਦ ਹੱਲ ਨਿਕਲਣ ਦੀ ਚਰਚਾ ਵੀ ਸੁਣੀ ਜਾਂਦੀ ਹੈ, ਪਰ ਹੱਲ ਹਰ ਪਾਸੇ ਵਕਤੀ ਜਿਹੇ ਨਿਕਲਦੇ ਹਨ, ਪੱਕਾ ਹੱਲ ਕਿਤੇ ਕੋਈ ਨਹੀਂ ਲੱਭਦਾ। ਇੱਕ ਧਿਰ ਨਾਲ ਜਦੋਂ ਕੋਈ ਗੱਲ ਚਲਦੀ ਅਤੇ ਅੱਗੇ ਵਧਦੀ ਜਾਪਦੀ ਹੈ ਤਾਂ ਦਸ ਹੋਰ ਧਿਰਾਂ ਏਦਾਂ ਦੇ ਮੁੱਦੇ ਉਠਾ ਦੇਂਦੀਆਂ ਅਤੇ ਆਪਣਾ ਮੁੱਦਾ ਪਹਿਲਾਂ ਹੱਲ ਕਰਨ ਦੀ ਮੰਗ ਲਈ ਧਰਨੇ ਦੇਣ ਲਗਦੀਆਂ ਹਨ। ਇੱਕ ਸਾਬਕਾ ਜੱਜ ਨੇ ਕਿਹਾ ਸੀ ਕਿ ਮੁਕੱਦਮੇ ਸਾਡਾ ਖਹਿੜਾ ਨਹੀਂ ਛੱਡਦੇ, ਜਿੰਨਿਆਂ ਕੇਸਾਂ ਦਾ ਸਾਡੀਆਂ ਅਦਾਲਤਾਂ ਫੈਸਲਾ ਕਰਦੀਆਂ ਹਨ, ਉਸ ਤੋਂ ਵੱਧ ਹੋਰ ਕੇਸ ਆਣ ਪੁੱਜਦੇ ਹਨ ਤੇ ਇਸ ਤਰ੍ਹਾਂ ਇਹ ਲੜੀ ਲੰਮੀ ਤੋਂ ਲੰਮੀ ਹੁੰਦੀ ਰਹਿੰਦੀ ਹੈ। ਕਾਰਨ ਇਸ ਦਾ ਨਾ ਅਦਾਲਤਾਂ ਹਨ, ਨਾ ਪੰਜਾਬ ਜਾਂ ਕਿਸੇ ਹੋਰ ਰਾਜ ਵਿੱਚ ਚਲਦੀ ਸਰਕਾਰ ਇਕੱਲੀ ਕਹੀ ਜਾ ਸਕਦੀ ਹੈ, ਅਸਲ ਵਿੱਚ ਭਾਰਤ ਦਾ ਸਾਰਾ ਸਿਸਟਮ ਏਨਾ ਵਿਗੜਿਆ ਹੋਇਆ ਹੈ ਕਿ ਦੇਸ਼ ਜਾਂ ਰਾਜ ਦੀ ਸਰਕਾਰ ਦੀ ਕਮਾਨ ਕੋਈ ਪਾਰਟੀ ਵੀ ਸੰਭਾਲ ਲਵੇ, ਸੰਸਾਰ ਭਰ ਵਿੱਚ ਲਮਕਦੇ ਮੁੱਦਿਆਂ ਵਾਂਗ ਏਥੇ ਵੀ ਹਰ ਵਾਰ ਮੁੱਦੇ ਵਧ ਸਕਦੇ ਹਨ, ਘਟਣ ਦੀ ਆਸ ਰੱਖਣਾ ਫਜ਼ੂਲ ਗੱਲ ਕਹੀ ਜਾ ਸਕਦੀ ਹੈ।

ਵਿਆਹੀ ਧੀ ਵੀ ਧੀ ਹੁੰਦੀ ਹੈ ਦੁਨੀਆ ਵਾਲਿਓ

ਸੁਲਝਦੇ ਸਵਾਲ

ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ

ਭਾਰਤ ਵਰਸ਼ ਨੂੰ ਰਿਸ਼ੀਆਂ-ਮੁਨੀਆਂ ਆਦਿ ਦਾ ਦੇਸ਼ ਆਖਿਆ ਜਾਂਦਾ ਹੈ। ਲੱਖਾਂ ਕਰੋੜਾਂ ਦੇਵੀ-ਦੇਵਤਿਆਂ ਦਾ ਵੀ ਜ਼ਿਕਰ ਆਉਂਦਾ ਹੈ। ਬਹੁ-ਭਾਸ਼ੀ ਅਤੇ ਅਨੇਕ ਧਰਮਾਂ ਦੇ ਅਨੁਯਾਈ ਹੋਣ ਕਰਕੇ ਦੇਸ਼ ਵਿੱਚ ਬਾਰਾਂ ਮਹੀਨੇ ਹੀ ਕਿਤੇ ਨਾ ਕਿਤੇ, ਕਿਸੇ ਨਾ ਕਿਸੇ ਧਰਮ ਬਾਰੇ ਬੇਲੋੜਾ ਰੌਲਾ ਵੀ ਸੁਣਨ ਨੂੰ ਅਕਸਰ ਮਿਲਦਾ ਰਹਿੰਦਾ ਹੈ। ਹਰ ਤਰ੍ਹਾਂ ਦਾ ਇਨਸਾਨ ਇਹ ਸਮਝਦਾ ਹੋਇਆ ਵੀ ਕਿ ਉਸ ਨੇ ਵੀ ਮਾਂ ਰੂਪੀ ਔਰਤ ਤੋਂ ਹੀ ਜਨਮ ਲਿਆ ਹੈ, ਫਿਰ ਵੀ ਦਿਲੋਂ ਔਰਤ ਪੱਖੀ ਹੱਕਾਂ ਦਾ ਅਕਸਰ ਵਿਰੋਧੀ ਹੀ ਬਣਦਾ ਆਇਆ ਹੈ।

ਸਭ ਪੰਜਾਬੀ ਜਾਣਦੇ ਹਨ ਕਿ ਪੰਦਰ੍ਹਵੀਂ ਸਦੀ ਵਿੱਚ ਸਿੱਖਾਂ ਦੇ ਪਹਿਲੇ ਗੁਰੂ ਬਾਬੇ ਨਾਨਕ ਨੇ ਇਸਤਰੀ ਜਾਤੀ ਦਾ ਸਤਿਕਾਰ ਇਹ ਕਹਿੰਦਿਆਂ ਕੀਤਾ ਸੀ ਕਿ "ਸੋ ਕਿਉਂ ਮੰਦਾ ਆਖੀਏ, ਜਿਤ ਜੰਮੇ ਰਾਜਾਨ" ਅੱਜ ਦੇ ਦਿਨ ਵੀ ਜਿੰਨਾ ਲੋਕਾਂ ਦਾ ਸਤਿਕਾਰ ਬਾਬੇ ਨਾਨਕ ਬਾਰੇ ਹੈ, ਉਹ ਵੀ ਓਨਾ ਸਤਿਕਾਰ ਔਰਤ ਨੂੰ ਉਨ੍ਹਾਂ ਦੇ ਹੱਕਾਂ ਬਾਰੇ ਨਹੀਂ ਦੇ ਸਕੇ। ਉਂਜ ਸਭ ਨੇ ਔਰਤ ਨੂੰ ਮਾਂ ਦੇ ਰੂਪ ਵਿੱਚ, ਭੈਣ ਦੇ ਰੂਪ ਵਿੱਚ, ਦਾਦੀ, ਨਾਨੀ, ਚਾਚੀ, ਤਾਈ, ਮਾਮੀ, ਮਾਸੀ, ਭੂਆ ਅਤੇ ਪਤਨੀ ਦੇ ਰੂਪ ਵਿੱਚ ਅਥਾਹ ਪਿਆਰ ਦਿੱਤਾ ਹੈ। ਪਰ ਜਿੱਥੇ ਆਰਥਕ ਅਧਿਕਾਰਾਂ ਦੀ ਗੱਲ ਆਈ, ਉਥੇ ਦਲੇਰੀ ਘੱਟ ਹੀ ਦਿਖਾਈ ਹੈ।

ਲੇਖਕ ਤਾਂ ਕਈ ਵਾਰ ਸੋਚਦਾ ਹੈ ਕਿ ਜੋ ਵਸੀਅਤ ਜ਼ਿਮੀਂਦਾਰਾਂ ਆਦਿ ਪਰਵਾਰਾਂ ਵਿੱਚ ਲਿਖੀ ਜਾਂਦੀ ਹੈ, ਉਸ ਦਾ ਕਾਰਨ ਸ਼ਾਇਦ ਔਰਤ ਹੀ ਹੁੰਦੀ ਹੈ। ਕਾਰਨ ਕਿ ਜਨਮ ਤੋਂ ਹੀ ਲੜਕੀਆਂ ਨੂੰ ਪਰਾਇਆ ਧਨ ਕਹਿਣਾ ਸ਼ੁਰੂ ਕਰ ਦਿੱਤਾ ਜਾਂਦਾ ਹੈ। ਵਸੀਅਤ ਲਿਖਣ ਵੇਲੇ ਵਸੀਅਤ ਵਿੱਚ ਆਮ ਕਰਕੇ ਲਿਖਿਆ ਜਾਂਦਾ ਹੈ ਕਿ "ਲੜਕੀਆਂ ਦਾ ਜੋ ਹਿੱਸਾ ਬਣਦਾ ਸੀ, ਉਹ ਮੈਂ ਉਨ੍ਹਾਂ ਦੇ ਵਿਆਹਾਂ ਸਮੇਂ ਖ਼ਰਚ ਦੇ ਰੂਪ ਵਿੱਚ ਦੇ ਚੁੱਕਾ ਹਾਂ। ਇਸ ਕਰਕੇ ਮੈਂ ਆਪਣੀ ਜਾਇਦਾਦ ਲੜਕਿਆਂ ਵਿੱਚ ਇਸ ਤਰ੍ਹਾਂ ਵੰਡ ਰਿਹਾ ਹਾਂ।"

ਹਿੰਦੂ ਵਿਰਾਸਤ ਐਕਟ, ਜਿਸ ਮੁਤਾਬਕ ਮੌਤ ਤੋਂ ਬਾਅਦ ਵਸੀਅਤ ਦੀ ਗੈਰ ਹਾਜ਼ਰੀ ਵਿੱਚ ਧੀਆਂ ਨੂੰ ਬਰਾਬਰ ਹਿੱਸਾ ਮਿਲਣਾ ਸ਼ੁਰੂ ਹੋਇਆ, ਉਸ ਸਮੇਂ ਵੀ ਜਗੀਰੂ ਸੋਚ ਵਾਲੇ ਲੋਕ ਸਵਰਨ ਸਿੰਘ ਵਿਦੇਸ਼ ਮੰਤਰੀ, ਜਿਨ੍ਹਾਂ ਦਾ ਕੋਈ ਪੁੱਤਰ ਨਹੀਂ ਸੀ, ਨੂੰ ਦੋਸ਼ੀ ਮੰਨਦੇ ਸਨ। ਪੁੱਤਰ ਨਾ ਹੋਣ ਕਰਕੇ ਧੀਆਂ ਨੂੰ ਹੱਕ ਮਿਲਿਆ ਹੈ।

ਵੱਖ-ਵੱਖ ਸਮੇਂ ਵੱਖ-ਵ

8-Jan-Sunday.qxd 1/7/2023 10:01 PM Page 4

ਸੱਤਾ ਦੇ ਦਮਨ ਵਿਰੁੱਧ ਨਾਬਰੀ ਦੇ ਇਤਿਹਾਸ ਦਾ ਬਿਰਤਾਂਤ

ਅਬ ਜੂਝਣ ਕੋ ਦਾਉ

(ਨਾਵਲ)
ਅਤਰਜੀਤ
ਪੰਨੇ-418, ਮੁੱਲ-250 ਰੁਪਏ
ਬਲਰਾਜ ਸਾਹਨੀ ਯਾਦਗਾਰੀ ਪ੍ਰਕਾਸ਼ਨ, ਬਠਿੰਡਾ

ਕਿਤਾਬ ਦੀ ਪਰਖ ਪੜਚੋਲ

ਡਾ. ਜੇ ਬੀ ਸੇਖੋਂ



ਅਤਰਜੀਤ ਪੰਜਾਬੀ ਕਹਾਣੀ ਦੇ ਉਨ੍ਹਾਂ ਸਿਰਜਕਾਂ ਵਿੱਚ ਸ਼ੁਮਾਰ ਹੈ, ਜਿਨ੍ਹਾਂ ਨੇ ਵਿਹੜਿਆਂ ਦੇ ਕਰੂਰ ਜੀਵਨ ਯਥਾਰਥ ਵਿੱਚ ਹਾਸ਼ੀਅਤ ਸਥਿਤੀ ਭੋਗਦੇ ਵਰਗਾਂ ਦੀ ਪੀੜਾਂ ਪਰੁੰਨੀ ਸੰਵੇਦਨਾ ਯਥਾਰਥਵਾਦੀ ਦ੍ਰਿਸ਼ਟੀਕੋਣ ਤੋਂ ਨਸ਼ਰ ਕੀਤੀ ਹੈ। ਅਤਰਜੀਤ ਦਾ ਪਹਿਲਾ ਕਹਾਣੀ ਸੰਗ੍ਰਹਿ 'ਮਾਸ ਖੋਰੇ' 1973 ਵਿੱਚ ਛਪਦਾ ਹੈ, ਜਿਸ ਪਿੱਛੋਂ 2017 ਵਿੱਚ ਕਥਾ ਸੰਗ੍ਰਹਿ 'ਅੰਦਰਲੀ ਔਰਤ' ਪ੍ਰਕਾਸ਼ਿਤ ਹੁੰਦਾ ਹੈ। ਇਨ੍ਹਾਂ 44 ਸਾਲਾਂ ਦੌਰਾਨ ਪੰਜਾਬੀ ਸਮਾਜ ਜਿਨ੍ਹਾਂ ਤਬਦੀਲੀਆਂ ਅਤੇ ਵਿਸੰਗਤੀਆਂ ਵਿੱਚੋਂ ਗੁਜ਼ਰਦਾ ਹੈ, ਉਸ ਦਾ ਸਿੱਧਾ-ਅਸਿੱਧਾ ਪ੍ਰਗਟਾਵਾ ਅਤਰਜੀਤ ਦੀ ਕਹਾਣੀ ਦੇ ਅੰਗ-ਸੰਗ ਤੁਰਦਾ ਹੈ। ਮੂਲ ਤੌਰ 'ਤੇ ਉਹ ਦਮਿਤ ਧਿਰਾਂ ਦੇ ਸੰਤਾਪ ਅਤੇ ਸੰਕਟਾਂ ਦਾ ਕਥਾ ਘਾੜਾ ਹੈ। ਅਤਰਜੀਤ ਨੇ ਕਹਾਣੀ ਸਿਰਜਣ ਤੋਂ ਇਲਾਵਾ ਬਾਲ ਸਾਹਿਤ ਦੇ ਖੇਤਰ ਵਿੱਚ ਬਾਲ ਕਹਾਣੀ ਤੇ ਵਾਰਤਕ ਜਿਹੇ ਰੂਪਾਕਾਰਾਂ ਦੁਆਰਾ ਬਾਲ ਬੁੱਧ ਵਿਵੇਕ ਨੂੰ ਵਿਗਿਆਨਕ ਦ੍ਰਿਸ਼ਟੀ ਨਾਲ ਜੋੜਨ ਦੇ ਉੱਦਮ ਕੀਤੇ ਹਨ। ਉਸ ਦਾ ਬਾਲ ਸਾਹਿਤ ਅਸੰਭਵ ਕਲਪਨਾ ਦੇ ਘੇਰੇ ਵਿੱਚ ਵੀ ਤਰਕ ਅਤੇ ਬੌਧਿਕਤਾ ਦੀ ਜ਼ਮੀਨ ਤਲਾਸ਼ਦਾ ਹੈ। ਆਪਣੀ ਸਵੈ ਜੀਵਨੀ 'ਅੱਕ ਦਾ ਦੁੱਧ' ਦੁਆਰਾ ਉਹ ਵਰਗੀ ਸਮਾਜ ਵਿੱਚ ਅੱਕ ਚੱਬ ਕੇ ਜੀਉਣ ਵਾਲੇ ਆਪਣੇ ਸੰਘਰਸ਼ਸ਼ੀਲ ਜੀਵਨ ਸਫ਼ਰ ਨੂੰ ਪੇਸ਼ ਕਰਦਾ ਹੈ। ਇਸ ਤੋਂ ਇਲਾਵਾ ਉਸ ਨੇ ਖੋਜ ਅਤੇ ਸੰਪਾਦਨਾ ਦੇ ਖੇਤਰ ਵਿੱਚ ਵੀ ਵਿਚਾਰਨਯੋਗ ਹਾਜ਼ਰੀ ਲਗਾਈ ਹੈ।

ਵਿਚਾਰਅਧੀਨ ਪੁਸਤਕ 'ਅਬ ਜੂਝਣ ਕਾ ਦਾਉ' ਦੁਆਰਾ ਅਤਰਜੀਤ ਪੰਜਾਬੀ ਨਾਵਲ ਨਿਗਾਰੀ ਦੇ ਖੇਤਰ ਵਿੱਚ ਪ੍ਰਵੇਸ਼ ਕਰਦਾ ਹੈ। ਇਹ ਵੱਡਆਕਾਰੀ ਨਾਵਲੀ ਬਿਰਤਾਂਤ ਸਿੱਖ ਰਾਜ ਦੇ ਪਤਨ ਤੋਂ ਹੁਣ ਤੱਕ ਦੇ ਲੱਗਭੱਗ 175 ਸਾਲਾਂ ਦੇ ਇਤਿਹਾਸਕ ਅੰਤਰਾਲ 'ਤੇ ਫੈਲਿਆ ਹੋਇਆ ਹੈ। ਇਸ ਕਾਲ ਖੰਡ ਵਿੱਚ ਬਰਤਾਨਵੀ ਸ਼ਾਸਨ ਅਧੀਨ ਪੰਜਾਬ ਦੇ ਸਮਾਜਿਕ, ਸੱਭਿਆਚਾਰਕ 'ਤੇ ਪੈਂਦੇ ਪ੍ਰਭਾਵ, ਬਸਤੀਵਾਦ ਦੇ ਵਿਰੋਧ ਵਿੱਚ ਉੱਠੀਆਂ ਆਜ਼ਾਦੀ ਲਹਿਰਾਂ ਅਤੇ ਦੇਸ਼ ਦੀ ਵੰਡ ਤੋਂ ਬਾਅਦ ਪੰਜਾਬੀ ਬੰਦੇ ਦੇ ਖੰਡਿਤ ਤੇ ਅਧੂਰੇ ਸੁਪਨਿਆਂ ਦਾ ਬਿਰਤਾਂਤ ਭਾਰੂ ਹੈ। ਇਸ ਦੌਰਾਨ ਅਤਰਜੀਤ ਦਾ ਗਲਪੀ ਫੋਕਸ ਪੰਜਾਬੀ ਬੰਦੇ ਦੇ ਉਸ ਸੰਘਰਸ਼ 'ਤੇ ਕੇਂਦਰਿਤ ਹੈ, ਜਿਹੜਾ ਉਸ ਨੇ ਬਸਤੀਵਾਦ ਤੋਂ ਉੱਤਰ ਬਸਤੀਵਾਦ ਤੱਕ ਦੇ ਇਤਿਹਾਸਕ ਅੰਤਰਾਲ ਵਿੱਚ ਸਮੇਂਸਮੇਂ 'ਤੇ ਸੱਤਾ ਦੇ ਦਮਨ ਵਿਰੁੱਧ ਵਿੱਢਿਆ। ਇਸ ਸੰਘਰਸ਼ ਦੀਆਂ ਵਿਸੰਗਤੀਆਂ, ਕਮਜ਼ੋਰੀਆਂ ਅਤੇ ਪ੍ਰਾਪਤੀਆਂ ਦਾ ਲੇਖਾ-ਜੋਖਾ ਕਰਨ ਲਈ ਅਤਰਜੀਤ ਇਸ ਨਾਵਲੀ ਪ੍ਰਵਚਨ ਦੀ ਸਿਰਜਣਾ ਕਰਦਾ ਹੈ। ਨਾਵਲ ਨੂੰ ਪੰਜਾਬ ਦੇ ਇਤਿਹਾਸ ਦੇ ਵਿਸ਼ੇਸ਼ ਕਾਲ ਖੰਡ (1849) ਦੀ ਪੰਜਾਬੀ ਉਦਾਸੀ ਤੇ ਮਾਯੂਸੀ ਤੋਂ ਆਰੰਭ ਕਰਕੇ ਵਰਤਮਾਨ ਦੌਰ ਦੀਆਂ ਬੇਤਰਤੀਬੀਆਂ ਤੱਕ ਪੇਸ਼ ਕਰਦਿਆਂ ਅਤਰਜੀਤ ਇਤਿਹਾਸ ਦੀ ਲਿਖਤੀ ਸਮੱਗਰੀ ਨੂੰ ਵੱਡੇ ਸਰੋਤ ਵਜੋਂ ਪ੍ਰਯੋਗ ਕਰਦਾ ਹੈ। ਉਹ ਨਾਵਲ ਵਿੱਚ 1849 ਤੋਂ ਬਾਅਦ ਦੇ ਪੰਜਾਬ ਦਾ ਦ੍ਰਿਸ਼ ਪੇਸ਼ ਕਰਦਾ ਦੁਆਬੇ ਦੀ ਧਰਤੀ ਨੂੰ ਛੱਡ ਕੇ ਮਾਲਵੇ ਵੱਲ ਜਾ ਰਹੇ ਇਕ ਪਰਵਾਰ ਦੇ ਜੀਵਨ ਸਫਰ ਨੂੰ ਚਿਤਰਦਾ ਹੈ, ਇਸ ਪਰਵਾਰ ਦੀਆਂ ਤਿੰਨ-ਚਾਰ ਪੀੜ੍ਹੀਆਂ ਨੂੰ ਵਰਤਮਾਨ ਦੇ ਪੰਜਾਬ ਤੱਕ ਫੈਲਾ ਕੇ ਲੇਖਕ ਇਸ ਨਾਵਲੀ ਸੰਗਠਨ ਨੂੰ ਰੋਚਿਕ ਤੇ ਪੜ੍ਹਨਯੋਗ ਬਣਾਉਣ ਦਾ ਯਤਨ ਕਰਦਾ ਹੈ। ਨਾਵਲ ਵਿੱਚ ਉਕਤ ਪਰਵਾਰ ਦਾ ਇਹ ਜੀਵਨ ਸਫਰ ਬਸਤੀਵਾਦੀ ਪੰਜਾਬ ਤੋਂ ਉੱਤਰ ਬਸਤੀਵਾਦੀ ਪੰਜਾਬ ਦੇ ਸਫਰ ਦੀ ਝਾਕੀ ਸਿਰਜਣ ਦਾ ਉਪਰਾਲਾ ਕਰਦਾ ਹੈ। ਨਾਵਲ ਵਿੱਚ ਪੰਜਾਬੀ ਸੁਭਾਅ ਦੀ ਸੱਤਾ ਦੇ ਦਮਨ ਤੋਂ ਨਾਬਰ ਅਤੇ ਵਿਦਰੋਹੀ ਖਸਲਤ ਦਾ ਇਤਿਹਾਸਕ ਪ੍ਰਵਾਹ ਪੇਸ਼ ਹੋਇਆ ਹੈ। ਇਸ ਦੇ ਨਾਲ-ਨਾਲ ਪੰਜਾਬੀ ਬੰਦੇ ਦਾ ਹਰ ਧਰਤੀ ਤੇ ਹਰ ਸਥਿਤੀ ਤੋਂ ਉੱਖੜ ਕੇ ਦੂਜੀਆਂ ਥਾਵਾਂ 'ਤੇ ਮੁੜ ਪੁੰਗਰਨ ਤੇ ਨਵੀਂ ਜੀਵਨ ਰੌਅ ਵਿੱਚ ਢਲਣ ਦਾ ਬਿਰਤਾਂਤ ਵੀ ਰੂਪਮਾਨ ਹੁੰਦਾ ਹੈ। ਨਾਵਲ ਦੀ ਕੇਂਦਰੀ ਵਿਚਾਰਧਾਰਕ ਸੁਰ ਮਨੁੱਖ ਦੇ ਪ੍ਰਤੀਕੂਲ ਸਥਿਤੀਆਂ ਵਿੱਚ ਵੀ ਜੂਝਣ ਅਤੇ ਸੰਘਰਸ਼ ਕਰਨ ਦੇ ਮੋਟਿਫ ਨਾਲ ਜੁੜੀ ਹੈ। ਮੱਧਕਾਲ ਦੇ ਮਹਾਨ ਚਿੰਤਕ ਭਗਤ ਕਬੀਰ ਦੇ ਸ਼ਲੋਕ "ਗਗਨ ਦਮਾਮਾ ਬਾਜਿਓ . . ." ਦੀ ਕਾਵਿ ਪੰਕਤੀ 'ਅਬ ਜੂਝਣ ਕੋ ਦਾਉ' ਦੇ ਸਿਰਲੇਖ ਅਧੀਨ ਰਚਿਆ ਇਹ ਨਾਵਲ ਪੰਜਾਬੀ ਬੰਦੇ ਦੇ ਜੁਝਾਰੂ ਅਤੇ ਨਾਬਰ ਸੁਭਾਅ ਨੂੰ ਜ਼ਿੰਦਗੀ ਦੇ ਰਣ ਖੇਤਰ ਵਿੱਚ ਜੂਝ ਮਰਨ ਦੀ ਭਾਵਨਾ ਨਾਲ ਉਤਰਨ ਦੇ ਗਲਪੀ ਸੰਦੇਸ਼ ਵਾਲਾ ਹੈ। ਭਗਤ ਕਬੀਰ ਆਪਣੇ ਇਸ ਸ਼ਲੋਕ ਵਿੱਚ ਬੇਸ਼ੱਕ ਦੁਨਿਆਵੀ ਰਣਖੇਤਰ ਵਿੱਚ ਵਿਚਰਦਿਆਂ ਰੱਬੀ ਰਸਤੇ ਵਿੱਚ ਆਉਂਦੇ ਮਨੁੱਖੀ ਵਿਕਾਰਾਂ ਨਾਲ ਲੜਨ ਭਿੜਨ ਵਾਲੀ ਸੂਰਮਗਤੀ ਨੂੰ ਰੂਹਾਨੀ ਅਰਥਾਂ ਵਿੱਚ ਸੁਰਜੀਤ ਕਰਨ ਦੀ ਭਾਵਨਾ ਪੈਦਾ ਕਰਦਾ ਹੈ, ਪਰ ਇਸ ਸ਼ਲੋਕ ਦੀ ਸਮੁੱਚੀ ਰੂਪਕ ਬਣਤਰ ਆਪਣੀ ਖਾੜਕੂ ਭਾਸ਼ਾ ਤੇ ਰੋਹੀਲੇ ਅਲੰਕਾਰਾਂ ਨਾਲ ਅਲੌਕਿਕਤਾ ਵਾਲੇ ਆਨੰਦ ਵਿਭੋਰ ਭਾਵਮੰਡਲ ਦੀ ਥਾਂ ਲੌਕਿਕਤਾ ਵਾਲੇ ਅਰਥ ਘੇਰਿਆਂ ਵਿੱਚ ਜ਼ਿਆਦਾ ਪ੍ਰਸੰਗਿਕ ਹੋ ਨਿਬੜਦੀ ਹੈ। ਅਤਰਜੀਤ ਆਪਣੇ ਨਾਵਲ ਦੇ ਸਿਰਲੇਖ ਤੋਂ ਅੰਤ ਤੱਕ ਪੰਜਾਬ ਦੀ ਧਰਤੀ 'ਤੇ ਸੱਤਾ ਦੇ ਦਾਬੂ ਚਰਿੱਤਰ ਖ਼ਿਲਾਫ਼ ਉੱਠੇ ਵਿਦਰੋਹੀ ਸੁਰਾਂ ਨੂੰ ਸਪਲੀਮੈਂਟ ਕਰਦਾ ਜ਼ਿੰਦਗੀ ਦੇ ਰਣ ਤੱਤੇ ਵਿੱਚ ਜੂਝਦੇ ਰਹਿਣ ਦੀ ਗਲਪੀ ਦ੍ਰਿਸ਼ਟੀ ਦਾ ਸੰਚਾਰ ਕਰਦਾ ਹੈ।

ਲੇਖਕ ਦਾ ਇਹ ਪਲੇਠਾ ਨਾਵਲ 1849 ਤੋਂ ਲੈ ਕੇ ਵਰਤਮਾਨ ਤੱਕ ਦੇ ਇਤਿਹਾਸਕ ਕਾਲ ਖੰਡ ਨੂੰ ਆਪਣੇ ਗਲਪੀ ਕਲੇਵਰ ਵਿੱਚ ਲੈਂਦਾ ਹੈ। 1849 ਤੋਂ ਬਾਅਦ ਦਾ ਸਮਾਂ ਪੰਜਾਬ ਵਿੱਚ ਸਾਮੰਤਵਾਦੀ ਸਿੱਖ ਰਾਜ ਦੇ ਖਾਤਮੇ ਅਤੇ ਅੰਗਰੇਜ਼ੀ ਸਾਮਰਾਜ ਦੀ ਪੂੰਜੀ ਪ੍ਰਧਾਨ ਬਸਤੀਵਾਦੀ ਵਿਵਸਥਾ ਦੇ ਸਥਾਪਤੀ ਦਾ ਸਮਾਂ ਹੈ। ਲੇਖਕ ਬਸਤਵਾਦੀ ਲੋੜਾਂ ਅਨੁਕੂਲ ਪੰਜਾਬ ਵਿੱਚ ਅੰਗਰੇਜ਼ਾਂ ਵੱਲੋਂ ਵਿਕਾਸ ਦੇ ਕੀਤੇ ਉਪਰਾਲਿਆਂ ਦੇ ਸਮੇਤ ਆਜ਼ਾਦੀ ਸੰਘਰਸ਼ ਲਈ ਉੱਠੀਆਂ ਲਹਿਰਾਂ ਅਤੇ ਆਜ਼ਾਦੀ ਤੋਂ ਉਪਰੰਤ ਪੰਜਾਬ ਦੀ ਖੁਸ਼ਹਾਲੀ ਦੇ ਸੁਪਨਿਆਂ ਦੀ ਤਿੜਕ ਨੂੰ ਸਮਕਾਲ ਤੱਕ ਫੈਲਾ ਕੇ ਪੇਸ਼ ਕਰਦਾ ਹੈ। ਨਾਵਲ ਦੀ ਕੇਂਦਰੀ ਸੁਰ ਪੰਜਾਬੀ ਬੰਦੇ ਦੇ ਉਸ ਜੁਝਾਰੂ ਖ਼ਾਸੇ ਨੂੰ ਪ੍ਰਗਟਾਉਣ ਵਿੱਚ ਹੈ, ਜਿਹੜੀ ਬਿਖਮ ਸਥਿਤੀਆਂ ਵਿੱਚ ਵੀ ਜੀਉਣ-ਥੀਣ ਦਾ ਹੀਲਾ-ਹਰਬਾ ਜੋੜ ਲੈਂਦੀ ਹੈ। ਨਾਵਲ ਦੇ ਪਾਤਰ ਦੁਆਬੇ ਦੀਆਂ ਜੜ੍ਹਾਂ ਤੋਂ ਉੱਖੜ ਕੇ ਮਲਵਈ ਆਂਚਲਿਕਤਾ ਵਿੱਚ ਮੁੜ ਪੁੰਗਰ ਪੈਂਦੇ ਹਨ। ਉਹ ਸਿੱਖ ਰਾਜ ਦੀਆਂ ਬਰਕਤਾਂ ਨੂੰ ਝੂਰਦੇ ਬਸਤੀਵਾਦੀ ਸ਼ਾਸਕਾਂ ਦੀਆਂ ਸਾਮਰਾਜੀ ਨੀਤੀਆਂ ਦਾ ਪ੍ਰਤੀਉੱਤਰ ਦਿੰਦੇ ਆਪਣੀ ਸੁਤੰਤਰ ਹਸਤੀ ਨਾਲ ਸਮਝੌਤਾ ਨਹੀਂ ਕਰਦੇ। ਆਜ਼ਾਦੀ ਦੇ ਸੁਪਨੇ ਦੀ ਤਿੜਕ ਅਤੇ ਮਨੁੱਖੀ ਗੁਲਾਮੀ ਦਾ ਨਵਾਂ ਰੂਪ ਦੇਖ ਕੇ ਇਨ੍ਹਾਂ ਪਾਤਰਾਂ ਦੀ ਅਗਲੀ ਪੀੜ੍ਹੀ 'ਕਾਲੇ ਅੰਗਰੇਜ਼ਾਂ' ਦੀਆਂ ਨੀਤੀਆਂ ਵਿਰੁੱਧ ਮੋਰਚੇ ਗੱਡ ਲੈਂਦੀ ਹੈ। ਸੱਤਾ ਦੇ ਹਰ ਹਰਬੇ ਖ਼ਿਲਾਫ਼ ਮਨੁੱਖੀ ਹਿੰਮਤ ਤੇ ਸੰਘਰਸ਼ ਦੀਆਂ ਇਹ ਪਹਿਲਕਦਮੀਆਂ ਨਾਵਲੀ ਪ੍ਰਵਚਨ ਦਾ ਕੇਂਦਰ ਹਨ।

ਨਾਵਲੀ ਬਿਰਤਾਂਤ ਦੇ ਆਰੰਭ ਵਿੱਚ ਬਸਤੀਵਾਦੀ ਸ਼ਾਸਕਾਂ ਅਤੇ ਪਿੰਡ ਦੀ ਸੂਦਖੋਰ ਸਰਮਾਏਦਾਰੀ ਦੇ ਸਤਾਏ ਨਿਮਨ ਕਿਸਾਨੀ ਤੇ ਸੀਰੀ ਜੀਵਨ ਭੋਗਦੇ ਪਾਤਰ ਰੂੜਾ, ਸੱਦੋ, ਕਾਰਾ, ਤਾਰਾ, ਰਾਮੂ, ਸੰਤੂ, ਘੀਲਾ, ਸਾਂਭੋ, ਫੱਗਾ, ਗੇਂਦਾ ਆਦਿ ਦਾ ਕਾਫ਼ਲਾ ਦੁਆਬਾ ਦੇ ਪਿੰਡ ਮੱਲੋ ਕੇ ਨੂੰ ਛੱਡ ਕੇ ਰਿਆਸਤ ਸੰਗਰੂਰ ਦਾ ਪਿੰਡ ਸੱਗੂਵਾਲ ਵਸਾਉਂਦੇ ਹਨ। ਆੜ੍ਹਤੀਆਂ ਦੇ ਕਰਜ਼, ਗੋਰੀ ਸਰਕਾਰ ਵੱਲੋਂ ਵਧਾਏ ਨਕਦ ਮਾਮਲੇ ਅਤੇ ਜਗੀਰਦਾਰਾਂ ਦੇ ਜ਼ੁਲਮਾਂ ਤੋਂ ਅੱਕੇ ਲੋਕ 'ਆਪਣੀਆਂ' ਰਿਆਸਤਾਂ ਦਾ ਓਟ ਆਸਰਾ ਲੈਣ ਲਈ ਇਸ ਉਜਾੜੇ ਦੀ ਪੀੜ ਹੰਢਾਉਂਦੇ ਦਰ ਬਦਰ ਹੁੰਦੇ ਹਨ। ਲੇਖਕ ਇਨ੍ਹਾਂ ਪਾਤਰਾਂ ਦੀ ਪੀੜ ਨੂੰ ਪੇਸ਼ ਕਰਦਿਆਂ ਮਾਲਵੇ ਦੇ ਰੇਤੀਲੇ ਟਿੱਬਿਆਂ, ਮਲ੍ਹੇ, ਝਾੜੀਆਂ ਅਤੇ ਮੀਂਹ ਅਧਾਰਤ ਖੇਤੀ ਦੀਆਂ ਚੁਣੌਤੀਆਂ ਦਾ ਬਿਰਤਾਂਤ ਵੀ ਸਿਰਜਦਾ ਹੈ। ਇਸ ਬਿਰਤਾਂਤਕੀ ਪਾਠ ਵਿੱਚ ਰਿਆਸਤੀ ਮਾਲਵੇ ਦੇ ਬਸਤੀਵਾਦੀ ਦੌਰ ਦੀ ਆਂਚਲਿਕਤਾ ਨੂੰ ਭਰਵੇਂ ਰੂਪ ਵਿੱਚ ਪੇਸ਼ ਕੀਤਾ ਹੈ। ਕਿਸਾਨਾਂ ਦੇ ਨਾਲ ਤੁਰੇ ਸੀਰੀ, ਸ਼ਿਲਪਕਾਰ ਅਤੇ ਪੇਸ਼ਾਵਰ ਧੰਦਿਆਂ ਦੇ ਕਾਮੇ ਉਸ ਦੌਰ ਦੇ ਪਿੰਡ ਦੀ ਆਤਮ ਨਿਰਭਰ ਇਕਾਈ ਨੂੰ ਦ੍ਰਿਸ਼ਟਮਾਨ ਕਰਦੇ ਹਨ। ਰਿਆਸਤੀ ਦੇਖ-ਰੇਖ ਅਧੀਨ ਅੰਗਰੇਜ਼ ਸ਼ਾਸਕਾਂ ਦੀਆਂ ਨੀਤੀਆਂ ਦੁਆਰਾ ਜ਼ਮੀਨਾਂ ਆਬਾਦ ਕਰਨ, ਨਹਿਰਾਂ ਕੱਢਣ ਅਤੇ ਖੇਤੀ ਦੇ ਸੁਧਾਰ ਦੇ ਨਾਂਅ ਹੇਠ ਕੀਤੇ ਹੋਰ ਕੰਮਾਂ ਨਾਲ ਸੱਗੂਵਾਲ ਦਾ ਇਲਾਕਾ ਮੀਂਹ ਅਧਾਰਤ ਰਵਾਇਤੀ ਫਸਲਾਂ ਦੀ ਥਾਂ ਕਪਾਹ ਅਤੇ ਤੇਲ ਬੀਜਾਂ ਦੀ ਖੇਤੀ ਵੱਲ ਤੁਰਦਾ ਹੈ। ਇਸ ਦੌਰਾਨ ਪੰਜਾਬ ਦੀ ਧਰਤੀ 'ਤੇ ਆਜ਼ਾਦੀ ਦੀ ਲਹਿਰ ਦਾ ਬੀਜ ਬੀਜਣ ਵਾਲੀ ਸਤਿਗੁਰ ਰਾਮ ਸਿੰਘ ਦੀ ਅਗਵਾਈ ਹੇਠਲੀ ਕੂਕਾ ਲਹਿਰ ਜਨਮ ਲੈਂਦੀ ਹੈ। ਜਿਸ ਦਾ ਅਸਰ ਸੱਗੂਵਾਲ ਦੀਆਂ ਬਰੂਹਾਂ ਤੱਕ ਪੁੱਜ ਜਾਂਦਾ ਹੈ। ਨਾਮਧਾਰੀ ਲਹਿਰ ਦੀ ਵਿਚਾਰਧਾਰਾ ਵਿੱਚ ਪੰਥ ਦੇ ਰਾਜ ਪ੍ਰਤੀ ਹੇਰਵਾ, ਅੰਗਰੇਜ਼ ਹਾਕਮਾਂ ਪ੍ਰਤੀ ਨਾਬਰੀ ਅਤੇ ਬਸਤੀਵਾਦੀ ਸ਼ਾਸਕਾਂ ਦੇ ਸਮਾਂਨਅੰਤਰ ਆਪਣੀ ਸਰਕਾਰ ਸੰਚਾਲਿਤ ਕਰਨ ਦੇ ਵਸਤੂ ਵੇਰਵੇ ਨਾਵਲ ਵਿੱਚ ਨਾਮਧਾਰੀ ਬੁਲਾਰਿਆਂ ਦੀਆਂ ਤਕਰੀਰਾਂ ਵਿੱਚ ਪੇਸ਼ ਹੁੰਦੇ ਦਿਖਾਏ ਹਨ। ਨਾਵਲ ਵਿੱਚ ਕੂਕਾ ਲਹਿਰ ਦੀਆਂ ਪ੍ਰਾਪਤੀਆਂ ਨੂੰ ਲੋਕਾਂ ਵਿੱਚ ਅੰਗਰੇਜ਼ ਸ਼ਾਸਕਾਂ ਪ੍ਰਤੀ ਰੋਹ ਭਰਨ, ਦੇਸ਼-ਕੌਮ ਲਈ ਮਰ-ਮਿਟਣ ਅਤੇ ਬਸਤੀਵਾਦੀ ਹਾਕਮਾਂ ਪ੍ਰਤੀ ਲੋਕਾਂ ਨੂੰ ਜਾਗਰਿਤ ਕਰਨ ਵਜੋਂ ਰਜਿਸਟਰ ਕੀਤਾ ਗਿਆ ਹੈ। ਨਾਵਲ ਵਿੱਚ ਨਾਮਧਾਰੀ ਮਾਨਸਿਕਤਾ ਦੀ ਪੁਜ਼ੀਸ਼ਨ ਤੋਂ ਅੰਗਰੇਜ਼ ਨੂੰ ਦੁੱਧ ਦੀ ਰਾਖੀ ਬੈਠੇ ਬਿੱਲੇ ਵਜੋਂ ਅਤੇ ਦੇਸ਼ ਉਜਾੜਨ ਵਾਲੀ ਧਿਰ ਵਜੋਂ ਦੱਸਿਆ ਗਿਆ ਹੈ। ਲੇਖਕ ਨੇ ਆਜ਼ਾਦੀ ਲਹਿਰ ਵਿੱਚ ਮੁੱਢਲੀਆਂ ਜੁਝਾਰੂ ਤਨਜ਼ੀਮਾਂ ਵਜੋਂ ਅਹਿਮ ਭੂਮਿਕਾ ਨਿਭਾਉਣ ਵਾਲੀ ਕੂਕਾ ਲਹਿਰ ਦੀਆਂ ਪ੍ਰਾਪਤੀਆਂ ਦੇ ਗਲਪੀ ਪ੍ਰਸੰਗ ਸੱਗੂਵਾਲ, ਮੰਡੋਲੀ ਆਦਿ ਪਿੰਡਾਂ ਦੇ ਦਿਹਾਤੀ ਪਾਤਰਾਂ ਦੇ ਵਾਰਤਾਲਾਪ ਦੁਆਰਾ ਵਧੀਆ ਢੰਗ ਨਾਲ ਪੇਸ਼ ਕੀਤੇ ਹਨ। ਨਾਵਲ ਵਿੱਚ ਅੰਗਰੇਜ਼ ਸਲਤਨਤ ਵੱਲੋਂ ਆਪਣੇ ਹਿੱਤਾਂ ਦੀ ਸਲਾਮਤੀ ਲਈ ਜ਼ਮੀਨਾਂ ਆਬਾਦ ਕਰਨ, ਨਹਿਰਾਂ ਕੱਢਣ, ਹਲਵਾਹਕਾਂ ਨੂੰ ਜ਼ਮੀਨਾਂ ਦੇਣ, ਸਕੂਲ-ਕਾਲਜ ਖੋਲ੍ਹਣ, ਛਾਪੇਖਾਨੇ ਵਿਕਸਤ ਕਰਨ, ਭਾਸ਼ਾ, ਸਾਹਿਤ, ਇਤਿਹਾਸ ਤੇ ਸੱਭਿਆਚਾਰ ਖੇਤਰ ਵਿੱਚ ਖੋਜ ਕਰਨ, ਅਖਬਾਰਾਂ ਛਾਪਣ ਸਮੇਤ ਇਸਾਈ ਮਿਸ਼ਨਰੀਆਂ ਵੱਲੋਂ ਧਰਮ ਪ੍ਰਚਾਰ ਦੇ ਅਨੇਕਾਂ ਬਿਰਤਾਂਤਕ ਵੇਰਵੇ ਨਾਵਲ ਵਿੱਚ ਨਸ਼ਰ ਹੁੰਦੇ ਹਨ। ਇਸ ਨਾਲ ਪੱਛਮ ਦੀ ਸੰਸਕ੍ਰਿਤੀ ਦਾ ਪੰਜਾਬੀ ਸਮਾਜ ਸੱਭਿਆਚਾਰ ਨਾਲ ਮਿਲਾਪ ਅਤੇ ਤਣਾਅ ਦੋਵੇਂ ਸਮਾਨਅੰਤਰ ਤੌਰ 'ਤੇ ਚੱਲਦੇ ਹਨ। ਸਿੰਘ ਸਭਾ ਲਹਿਰ ਦੇ ਸੰਗਠਨ ਦੇ ਮੰਤਵ ਬਾਰੇ ਸੱਗੂਵਾਲ ਦੇ ਲੋਕਾਂ ਨੂੰ ਪਿੰਡ ਵਿੱਚ ਪੁੱਜੇ ਸਿੱਖ ਪ੍ਰਚਾਰਕਾਂ ਤੋਂ ਪਤਾ ਲੱਗਦਾ ਹੈ ਕਿ ਬਸਤੀਵਾਦੀ ਸ਼ਾਸਨ ਦੇ ਹੋਰ ਵਿਸਥਾਰ ਲਈ ਇਸਾਈ ਮਿਸ਼ਨਰੀ ਆਪਣੇ ਧਰਮ ਦਾ ਪਾਸਾਰ ਕਰਕੇ ਸਿੱਖ ਧਰਮ ਨੂੰ ਸੰਨ੍ਹ ਲਾ ਰਹੇ ਹਨ, ਜਿਸ ਦੇ ਸਿੱਟੇ ਵਜੋਂ ਇਹ ਲਹਿਰ ਸਿੱਖਾਂ ਨੂੰ ਆਪਣੇ ਧਰਮ ਤੇ ਵਿਰਸੇ ਨਾਲ ਜੋੜਨ ਦੇ ਉਦੇਸ਼ ਨਾਲ ਆਰੰਭੀ ਗਈ ਹੈ। ਨਾਵਲਕਾਰ ਸਿੰਘ ਸਭਾ ਲਹਿਰ ਦਾ ਪ੍ਰਚਾਰ ਕਰਦੇ ਪ੍ਰਚਾਰਕਾਂ ਪ੍ਰਤੀ ਪਿੰਡ ਦੇ ਲੋਕਾਂ ਦੇ ਸਿੱਖ ਧਰਮ ਪ੍ਰਤੀ ਅਵੇਸਲੇਪਨ ਨੂੰ ਇਤਰਾਜ਼ਯੋਗ ਵਾਰਤਾਲਾਪ ਵਿੱਚ ਪੇਸ਼ ਕਰਦਾ ਹੈ। ਲੇਖਕ ਸਿੰਘ ਸਭਾ ਲਹਿਰ ਦੇ ਲੋਕ ਮਨਾਂ 'ਤੇ ਪਏ ਪ੍ਰਭਾਵ ਨੂੰ ਮਕਾਨਕੀ ਢੰਗ ਨਾਲ ਪੇਸ਼ ਕਰਦਾ ਇਤਿਹਾਸਕ ਯਥਾਰਥ ਦੀ ਥਾਂ ਮਨ ਇੱਛਤ ਯਥਾਰਥ ਦੇ ਰਾਹ ਪੈ ਜਾਂਦਾ ਹੈ। ਇਸੇ ਤਰ੍ਹਾਂ ਦੇ ਅਨੇਕਾਂ ਟਪਲੇ ਅਤੇ ਵੱਖ-ਵੱਖ ਤਨਜ਼ੀਮਾਂ ਪ੍ਰਤੀ ਉਲਾਰ ਵਿਚਾਰ ਨਾਵਲ ਦੇ ਪਾਤਰਾਂ ਤੇ ਘਟਨਾਵਾਂ ਵਿੱਚ ਕਈ ਥਾਵਾਂ 'ਤੇ ਦਰਕਰਾਰ ਹਨ। ਉਹ ਸੱਗੂਵਾਲ ਤੇ ਮੰਡੋਲੀ ਸਮੇਤ ਹੋਰ ਪਿੰਡਾਂ ਵਿੱਚ ਹੁੰਦੇ ਸਿੱਖ ਦੀਵਾਨਾਂ, ਕਾਨਫਰੰਸਾਂ ਅਤੇ ਸਿੰਘ ਸਭਾ ਲਹਿਰ ਦੀਆਂ ਤਕਰੀਰਾਂ ਦਾ ਜ਼ਿਕਰ ਕਰਦਾ ਹੈ, ਪਰ ਇਨ੍ਹਾਂ ਪਿੰਡਾਂ ਦੇ ਲੋਕਾਂ ਨੂੰ ਗੁਰੂ ਸਾਹਿਬਾਨਾਂ ਦੇ ਨਾਵਾਂ, ਸਿੱਖ ਅਰਦਾਸ, ਜੈਕਾਰੇ, ਗੁਰੂ ਗ੍ਰੰਥ ਸਾਹ

8-Jan-Sunday.qxd 1/7/2023 10:02 PM Page 6

'ਨਵਾਂ ਜ਼ਮਾਨਾ ਟੀ ਵੀ' 'ਸਿਰਜਣਾ ਦੇ ਅੰਗ-ਸੰਗ' 'ਚ ਜਰਨੈਲ ਸਿੰਘ

ਜਲੰਧਰ : ਨਵਾਂ ਜ਼ਮਾਨਾ ਵੈੱਬ ਟੀ ਵੀ 'ਤੇ ਸਾਹਿਤਕ ਪ੍ਰੋਗਰਾਮ 'ਸਿਰਜਣਾ ਦੇ ਅੰਗ-ਸੰਗ' ਵਿੱਚ **ਕਹਾਣੀਕਾਰ ਜਰਨੈਲ ਸਿੰਘ** ਨਾਲ ਉਨ੍ਹਾ ਦੀ ਸਿਰਜਣਾ ਦੇ ਵਿਭਿੰਨ ਪਾਸਾਰਾਂ ਬਾਰੇ ਗੱਲਬਾਤ ਕੀਤੀ ਗਈ ਹੈ। ਇਸ ਨਾਲ ਜੁੜਨ ਲਈ https://www.youtube.com/c/nawanzamanatv 'ਤੇ ਜਾਓ।

'ਸ਼ਬਦ-ਸ਼ਬਦ ਗੁਲਾਬ' 'ਤੇ ਗੋਸ਼ਟੀ ਅਤੇ ਕਵੀ ਦਰਬਾਰ

ਗੜ੍ਹਦੀਵਾਲ : ਖਾਲਸਾ ਕਾਲਜ ਗੜ੍ਹਦੀਵਾਲਾ ਵਿਖੇ ਸਾਹਿਤ ਸਭਾ ਦਸੂਹਾ ਗੜ੍ਹਦੀਵਾਲਾ ਅਤੇ ਅਦਬੀ ਟਕਸਾਲ ਵੱਲੋਂ ਖਾਲਸਾ ਕਾਲਜ ਗੜ੍ਹਦੀਵਾਲਾ ਦੇ ਪੰਜਾਬੀ ਵਿਭਾਗ ਦੇ ਸਹਿਯੋਗ ਨਾਲ ਕਵੀ ਅਮਰੀਕ ਡੋਗਰਾ ਦੀ ਕਾਵਿ ਪੁਸਤਕ ਸ਼ਬਦ-ਸ਼ਬਦ ਗੁਲਾਬ 'ਤੇ ਗੋਸ਼ਟੀ ਅਤੇ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ। ਪ੍ਰਿੰਸੀਪਲ ਡਾ. ਜਸਪਾਲ ਸਿੰਘ, ਡਾ. ਬਲਦੇਵ ਸਿੰਘ ਬੱਦਨ, ਜਰਨੈਲ ਸਿੰਘ ਘੁੰਮਣ ਅਤੇ ਅਮਰੀਕ ਡੋਗਰਾ ਪਹਿਲੇ ਸੈਸ਼ਨ ਦੇ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਸਨ।

ਸ਼ਬਦ-ਸ਼ਬਦ ਗੁਲਾਬ ਉੱਪਰ ਪੇਪਰ ਪੜ੍ਹਦਿਆਂ ਡਾ. ਗੋਪਾਲ ਸਿੰਘ ਬੁੱਟਰ ਨੇ ਕਿਹਾ ਕਿ ਇਸ ਪੁਸਤਕ ਵਿਚਲੀਆਂ ਸਾਹਿਤਕ ਕਿਰਤਾਂ ਲੇਖਕ ਦੇ ਸੂਖਮਭਾਵੀ ਹੋਣ ਨੂੰ ਦਰਸਾਉਂਦੀਆਂ ਹਨ ਅਤੇ ਕਵੀ ਨੂੰ ਇੱਕ ਸਮਰੱਥ ਲੇਖਕ ਵਜੋਂ ਸਥਾਪਤ ਕਰਦੀਆਂ ਹਨ। ਇਸ ਪੁਸਤਕ ਵਿੱਚ ਮਾਨਵੀ ਰਿਸ਼ਤਿਆਂ ਦੇ ਦਵੰਦ ਦੀ ਤੀਖਣ ਸਮੀਖਿਆ, ਨਾਂਹਵਾਚਕ ਸਮਾਜਿਕ ਸਰੋਕਾਰਾਂ ਕਰਕੇ ਉਪਜਦੀ ਇਨਸਾਨੀ ਮਾਯੂਸੀ ਆਦਿ ਰੰਗ ਵੀ ਵੇਖਣ ਨੂੰ ਮਿਲਦੇ ਹਨ। ਡਾ. ਜਸਵੰਤ ਸਿੰਘ ਨੇ ਕਿਹਾ ਕਿ ਇਸ ਪੁਸਤਕ ਰਾਹੀਂ ਲਿਖਾਰੀ ਦੇ ਮਨ ਦੀ ਭਾਵਨਾਤਮਕ ਡੂੰਘਾਈ ਦਾ ਅਹਿਸਾਸ ਕੀਤਾ ਜਾ ਸਕਦਾ ਹੈ। ਪ੍ਰੋ. ਬਲਦੇਵ ਸਿੰਘ ਬੱਲੀ ਨੇ ਵੀ ਪੁਸਤਕ ਬਾਰੇ ਉਸਾਰੂ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਇਹ ਕਵਿਤਾ ਅਜੋਕੇ ਜੀਵਨ ਦੀ ਯਥਾਰਥਿਕਤਾ ਨੂੰ ਪੇਸ਼ ਕਰਦੀ ਹੈ। ਪ੍ਰੋ. ਗੁਰਮੀਤ ਸਰਾਂ ਨੇ ਕਾਵਿ-ਪੁਸਤਕ ਦੇ ਮਾਨਵਵਾਦ ਬਾਰੇ ਗੱਲ ਕੀਤੀ। ਸ੍ਰੀ ਪੰਮੀ ਦਿਵੇਦੀ ਨੇ ਕਿਹਾ ਕਿ ਕਵੀ ਨੇ ਚੇਤਨ ਮਨ ਵਿੱਚ ਵਰਤ ਰਹੇ ਵਰਤਾਰੇ ਵਿਚਲੇ ਪੰਜਾਬ ਦੇ ਸੰਘਰਸ਼ਾਂ ਦੀ ਦਿਸ਼ਾ ਅਤੇ ਦਸ਼ਾ ਦੇ ਵਰਤਾਰੇ ਨੂੰ ਕਲਮਬੱਧ ਕੀਤਾ ਹੈ। ਪ੍ਰਿੰਸੀਪਲ ਨਵਤੇਜ ਗੜ੍ਹਦੀਵਾਲਾ ਨੇ ਪੁਸਤਕ ਦੇ ਵਿਸ਼ਾ-ਵਸਤੂ ਦੇ ਨਾਲ-ਨਾਲ ਅਮਰੀਕ ਡੋਗਰਾ ਦੀ ਸ਼ਖਸੀਅਤ ਉੱਪਰ ਵੀ ਝਾਤ ਪੁਆਈ। ਪ੍ਰੋ. ਸੰਧੂ ਵਰਿਆਣਵੀ ਨੇ ਅਮਰੀਕ ਡੋਗਰਾ ਨੂੰ ਕੁਦਰਤ ਨਾਲ ਮਨੁੱਖ ਦੇ ਸੰਬੰਧਾਂ ਬਾਰੇ ਲਿਖਣ ਵਾਲਾ ਕਵੀ ਕਿਹਾ। ਜਰਨੈਲ ਸਿੰਘ ਘੁੰਮਣ ਨੇ ਕਿਹਾ ਕਿ ਕਵੀ ਡੋਗਰਾ ਨੇ ਇਸ ਪੁਸਤਕ ਰਾਹੀਂ ਮਾਨਵੀ ਸੰਘਰਸ਼ ਦੇ ਵਿਚਾਰਾਂ ਨੂੰ ਪੇਸ਼ ਕੀਤਾ ਹੈ। ਅਮਰੀਕ ਡੋਗਰਾ ਨੇ ਪੁਸਤਕ ਬਾਰੇ ਕਾਵਿ ਗੋਸ਼ਟੀ ਵਿੱਚ ਪੇਸ਼ ਕੀਤੇ ਵਿਚਾਰਾਂ ਲਈ ਚਿੰਤਕਾਂ ਦਾ ਧੰਨਵਾਦ ਕੀਤਾ ਅਤੇ ਵਿਚਾਰ ਚਰਚਾ ਨੂੰ ਉਸਾਰੂ ਦੱਸਿਆ। ਕਾਲਜ ਦੇ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਹਾਜ਼ਰ ਸਾਹਿਤਕਾਰਾਂ ਦਾ ਧੰਨਵਾਦ ਕਰਦਿਆਂ ਵਿਚਾਰਕਾਂ ਵੱਲੋਂ ਪੜ੍ਹੇ ਗਏ ਪੇਪਰਾਂ ਅਤੇ ਪੇਸ਼ ਕੀਤੇ ਗਏ ਵਿਚਾਰਾਂ ਨੂੰ ਇੱਕ ਪੁਸਤਕ ਦਾ ਰੂਪ ਦੇਣ ਦੀ ਸਲਾਹ ਵੀ ਦਿੱਤੀ। ਦੂਜੇ ਸੈਸ਼ਨ ਵਿੱਚ ਹੋਏ ਕਵੀ ਦਰਬਾਰ ਦੀ ਪ੍ਰਧਾਨਗੀ ਪ੍ਰੋ. ਬਲਦੇਵ ਸਿੰਘ ਬੱਲੀ, ਪ੍ਰੋ. ਸੰਧੂ ਵਰਿਆਣਵੀ, ਗੁਰਚਰਨ ਸਿੰਘ ਚਰਨ ਅਤੇ ਜਸਵੀਰ ਧੀਮਾਨ ਨੇ ਕੀਤੀ। ਸੁਮਨ ਘੋੜੇਵਾਹੀ, ਸੀਤਲ ਸਿੰਘ ਗਾਫਲ, ਗੁਰਮੀਤ ਸਰਾਂ, ਹੇਮ ਰਾਜ ਪਰਵਾਨਾ, ਦਿਲਪ੍ਰੀਤ ਕਾਹਲੋਂ, ਪੰਮੀ ਦਿਵੇਦੀ, ਪ੍ਰਿੰ. ਕੇਸ਼ਵ ਸ਼ਰਮਾ, ਗੁਰਮੀਤ ਹਯਾਤਪੁਰੀ, ਜਸਵੀਰ ਧੀਮਾਨ, ਸੁਰਿੰਦਰ ਕੰਗਵੀ, ਜਨਕਪ੍ਰੀਤ ਬੇਗੋਵਾਲ, ਸ਼ਿਵ ਚੰਦ, ਅਜਮੇਰ ਕੰਧਾਲਾ, ਸੁਖਜੀਤ ਝਾਂਸਾਵਾਲਾ, ਹੇਮਰਾਜ ਪਰਵਾਨਾ, ਜਗਦੀਸ਼ ਰਾਣਾ, ਡਾ. ਨਿਰੰਜਨ, ਪ੍ਰੋ. ਬਲਦੇਵ ਸਿੰਘ ਬੱਲੀ, ਬਲਦੇਵ ਸਿੰਘ ਬੱਦਨ ਅਤੇ ਪ੍ਰੋ. ਕੁਲਵੰਤ ਆਦਿ ਨੇ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ। ਸੰਚਾਲਕ ਦੀ ਜ਼ਿੰਮੇਵਾਰੀ ਪ੍ਰਿੰਸੀਪਲ ਨਵਤੇਜ ਗੜ੍ਹਦੀਵਾਲਾ ਅਤੇ ਪ੍ਰੋ. ਸ਼ਾਮ ਸਿੰਘ ਨੇ ਬਾਖੂਬੀ ਨਿਭਾਈ।

ਡਾ. ਨਿਰਾਲਾ ਤੇ ਭੋਲਾ ਸਿੰਘ ਸੰਘੇੜਾ ਦੀਆਂ ਪੁਸਤਕਾਂ ਰਿਲੀਜ਼

ਬਰਨਾਲਾ : ਡਾ. ਜੋਗਿੰਦਰ ਸਿੰਘ ਨਿਰਾਲਾ ਅਤੇ ਭੋਲਾ ਸਿੰਘ ਸੰਘੇੜਾ ਦੁਆਰਾ ਸੰਪਾਦਿਤ ਪੁਸਤਕ 'ਕਰਮ ਸਿੰਘ ਮਾਨ ਦੀਆਂ ਕਹਾਣੀਆਂ ਦਾ ਕਥਾ ਵਿਵੇਕ' ਫਰਿਜ਼ਨੋ (ਕੈਲੇਫੋਰਨੀਆਂ) ਅਮਰੀਕਾ ਵਿਚ ਲੋਕ ਅਰਪਣ ਕੀਤੀ ਗਈ। ਇਸ ਪੁਸਤਕ ਵਿਚ 22 ਵਿਦਵਾਨ ਲੇਖਕਾਂ ਨੇ ਕਰਮ ਸਿੰਘ ਮਾਨ ਦੇ ਪੰਜ ਕਹਾਣੀ ਸੰਗ੍ਰਹਿ ਬੋਸਕੀ ਦਾ ਪਜਾਮਾ ਹੇਠ ਵਗੇ ਦਰਿਆ ਫਲਾਈ ਓਵਰ ਵੇਦਣੂ ਕਹੀਐ ਕਿਸੁ ਅਤੇ ਹੰਝੂ ਇਕ ਅੱਖ ਦੇ ਵਿਚ ਸ਼ਾਮਲ ਕਹਾਣੀਆਂ ਦਾ ਵਿਸ਼ਲੇਸ਼ਣ ਕੀਤਾ ਹੈ। ਕਹਾਣੀਕਾਰ ਨੂੰ ਪਰਵਾਸ ਕੀਤਿਆਂ 30 ਸਾਲ ਹੋ ਚੁੱਕੇ ਹਨ। ਇਹਨਾਂ ਸਾਲਾਂ ਵਿਚ ਉਸ ਨੂੰ ਅਮਰੀਕਾ ਦੇ ਨਾਲ-ਨਾਲ ਕੈਨੇਡਾ ਦੀ ਧਰਤੀ 'ਤੇ ਵੀ ਵਿਚਰਨ ਦਾ ਮੌਕਾ ਮਿਲਿਆ। ਪਰਵਾਸ ਕਰਨ ਤੋਂ ਬਾਅਦ ਹੀ ਉਹ ਕਹਾਣੀ ਸਿਰਜਣਾ ਵੱਲ ਆਇਆ। ਇਹ ਕਹਾਣੀਆਂ ਉਸ ਦੇ ਪ੍ਰਵਾਸੀ ਜੀਵਨ ਦੇ ਅਨੁਭਵ ਵਿੱਚੋਂ ਪ੍ਰਗਟ ਹੋਈਆਂ। ਹੋਰ ਪ੍ਰਵਾਸੀ ਕਹਾਣੀਆਂ ਵਾਂਗ ਮਾਨ ਆਪਣੀਆਂ ਕਹਾਣੀਆਂ 'ਤੇ ਭੂ-ਹੇਰਵੇ ਦਾ ਪ੍ਰਛਾਵਾਂ ਨਹੀਂ ਪੈਣ ਦਿੰਦਾ। ਲੋਕ ਅਰਪਣ ਮੌਕੇ ਇਕੱਤਰ ਹੋਏ ਲੇਖਕਾਂ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਡਾ. ਜੋਗਿੰਦਰ ਸਿੰਘ ਨਿਰਾਲਾ ਅਤੇ ਭੋਲਾ ਸਿੰਘ ਸੰਘੇੜਾ ਦੇ ਕਾਰਜ ਦੀ ਸਰਾਹਨਾ ਕੀਤੀ। ਉਹਨਾਂ ਸਭ ਦੇ ਵਿਚਾਰ ਸਨ ਕਿ ਪੁਸਤਕ ਵਿਚ ਸ਼ਾਮਲ ਨਿਬੰਧਾਂ ਦੇ ਅਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਆਲੋਚਕਾਂ ਨੇ ਮਾਨ ਦੇ ਪੰਜਾਂ ਸੰਗ੍ਰਹਿਆਂ ਦੀਆਂ ਕਹਾਣੀਆਂ ਨਾਲ ਹਰ ਪਹਿਲੂ ਤੋਂ ਇਨਸਾਫ਼ ਕੀਤਾ ਹੈ। ਉਹਨਾਂ ਦਾ ਸਾਂਝਾ ਮੱਤ ਸੀ ਕਿ ਇਹ ਪੁਸਤਕ ਪ੍ਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਨੂੰ ਜਾਨਣ ਤੋਂ ਬਿਨਾਂ ਵਿਦਿਆਰਥੀਆਂ ਦੇ ਸੋਧ ਕਾਰਜਾਂ ਵਿਚ ਵੀ ਸਹਾਈ ਹੋਵੇਗੀ।

—ਤੇਜਿੰਦਰ ਚੰਡਿਹੋਕ

ਬੀਬਾ ਬਲਵੰਤ ਬਾਰੇ ਦਸਤਾਵੇਜ਼ੀ ਫਿਲਮ ਰਿਲੀਜ਼

ਮੋਗਾ-ਮਹਿੰਦਰ ਸਾਥੀ ਯਾਦਗਾਰੀ ਮੰਚ ਮੋਗਾ ਵੱਲੋਂ ਕੀਤੇ ਸਾਹਿਤਕ ਸਮਾਗਮ 'ਚ 'ਬੀਬਾ ਬਲਵੰਤ' ਉਪਰ ਅਮਰ ਘੋਲੀਆ ਵੱਲੋਂ ਬਣਾਈ ਗਈ ਦਸਤਾਵੇਜ਼ੀ ਫਿਲਮ ਸਾਹਿਤਕਾਰਾਂ ਵੱਲੋਂ ਲੋਕ ਅਰਪਣ ਕੀਤੀ ਗਈ।

ਬੀਬਾ ਬਲਵੰਤ ਦੀ ਸ਼ਖਸੀਅਤ ਬਾਰੇ ਬੋਲਦਿਆਂ ਕੇ ਐੱਲ ਗਰਗ ਨੇ ਕਿਹਾ ਕਿ ਬੀਬਾ ਬਲਵੰਤ ਬਹੁ-ਪੱਖੀ ਪ੍ਰਤਿਭਾ ਦਾ ਧਨੀ ਹੈ, ਜਿਸ ਦੀਆਂ ਕਹਾਣੀਆਂ 'ਨਾਗਮਣੀ' ਵਰਗੇ ਪਰਚੇ 'ਚ ਛਪਦੀਆਂ ਰਹੀਆਂ ਹਨ। ਬੀਬਾ ਬਲਵੰਤ ਇਕ ਮਸਤਮੌਲਾ ਮਨੁੱਖ ਹੈ, ਜਿਸ ਦੇ ਘਰ ਦੇ ਦਰਵਾਜ਼ੇ ਹਮੇਸ਼ਾ ਮਿੱਤਰਾਂ-ਦੋਸਤਾਂ ਲਈ ਖੁੱਲ੍ਹੇ ਰਹਿੰਦੇ ਹਨ।

ਤਰਸੇਮ ਸਿੰਘ ਭੰਗੂ ਨੇ ਬੀਬਾ ਦੀਆਂ ਸਾਹਿਤਕ ਕਿਰਤਾਂ ਬਾਰੇ ਜਾਣਕਾਰੀ ਦਿੱਤੀ। ਉਹਨਾਂ ਦੱਸਿਆ ਕਿ ਬੀਬਾ ਬਲਵੰਤ ਨੇ 'ਤੇਰੀਆਂ ਗੱਲਾਂ ਤੇਰੇ ਨਾਂਅ, ਫੁੱਲਾਂ ਦੇ ਰੰਗ ਕਾਲੇ, ਤੀਜੇ ਪਹਿਰ ਦੀ ਧੁੱਪ, ਅੱਥਰੂ ਗੁਲਾਬ ਹੋਏ, ਕਥਾ ਸਰਾਪੇ ਬਿਰਖ ਦੀ, ਮਨ ਨਾਹੀ ਦਸ ਬੀਸ, ਮਨ ਨਾਹੀ ਵਿਸ਼ਰਾਮ, ਪੰਛੀ ਫਿਰ ਨਾ ਪਰਤਿਆ, ਟੋਲ ਆਫ ਕਰੁਸਟ ਟ੍ਰੀ, ਪਲ ਪਲ ਬਦਲਤੇ ਰੰਗ ਅਤੇ ਸਹਿਜ ਸੁਖਨ' ਨਾਂਅ ਦੀਆਂ ਪੁਸਤਕਾਂ ਸਾਹਿਤ ਦੀ ਝੋਲੀ ਪਾਈਆਂ ਹਨ।

ਅਮਰ ਸੂਫੀ ਨੇ ਬੀਬਾ ਬਲਵੰਤ ਦੀ ਸ਼ਖਸੀਅਤ ਦੇ ਵੱਖਰੇ-ਵੱਖਰੇ ਪਸਾਰਾਂ ਨੂੰ ਬਿਆਨ ਕਰਦਿਆਂ ਕਿਹਾ ਕਿ ਪੰਜਾਬੀ ਪਾਠਕਾਂ ਨੂੰ ਉਸ ਦੀ ਰਚਨਾ 'ਤੇ ਹਮੇਸ਼ਾ ਮਾਣ ਰਹੇਗਾ। ਬੀਬਾ ਨੇ ਅੰਤਰਰਾਸ਼ਟਰੀ ਪੱਧਰ 'ਤੇ ਪੰਜਾਬੀਆਂ ਦਾ ਨਾਂਅ ਉੱਚਾ ਕੀਤਾ ਹੈ। ਮੰਚ ਦੇ ਪ੍ਰਧਾਨ ਕਹਾਣੀਕਾਰ ਗੁਰਮੀਤ ਕੜਿਆਲਵੀ ਨੇ ਬੀਬਾ ਬਲਵੰਤ ਅਤੇ ਆਏ

ਹੋਏ ਸਾਰੇ ਸਾਹਿਤਕਾਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਮਰ ਘੋਲੀਆ ਨੇ ਬੀਬਾ ਬਲਵੰਤ ਉਪਰ ਸ਼ਾਨਦਾਰ ਡਾਕੂਮੈਂਟਰੀ ਬਣਾ ਕੇ ਇਤਿਹਾਸਕ ਦਸਤਾਵੇਜ਼ ਦੀ ਸਿਰਜਣਾ ਕੀਤੀ ਹੈ, ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਅਗਵਾਈ ਕਰਦੀ ਰਹੇਗੀ। ਮੰਚ ਦੇ ਸਕੱਤਰ ਧਾਮੀ ਗਿੱਲ ਨੇ ਅਮਰ ਘੋਲੀਆ ਨੂੰ ਇਸ ਮਹਾਨ ਕਾਰਜ ਲਈ ਵਧਾਈ ਦਿੰਦਿਆਂ ਆਸ ਪ੍ਰਗਟਾਈ ਕਿ ਉਹ ਪੰਜਾਬੀ ਸਾਹਿਤ ਦੀ ਝੋਲੀ ਭਰਨ ਵਾਲੇ ਸਾਹਿਤਕਾਰਾਂ ਉਪਰ ਅਜਿਹਾ ਦਸਤਾਵੇਜ਼ੀ ਕਾਰਜ ਕਰਦਾ ਰਹੇਗਾ।

ਗੁਰਪ੍ਰੀਤ ਧਰਮਕੋਟ ਅਤੇ ਜਗਦੀਸ਼ ਪ੍ਰੀਤਮ ਨੇ ਵੀ ਬੀਬਾ ਬਲਵੰਤ ਅਤੇ ਅਮਰ ਘੋਲੀਆ ਨੂੰ ਮੁਬਾਰਕਬਾਦ ਦਿੱਤੀ। ਅਮਰ ਘੋਲੀਆ ਨੇ ਦੱਸਿਆ ਕਿ ਉਹ ਪ੍ਰਸਿੱਧ ਸਾਹਿਤਕਾਰਾਂ ਉਪਰ ਦਸਤਾਵੇਜ਼ੀ ਡਾਕੂਮੈਂਟਰੀਆਂ ਬਣਾਉਣ ਦੇ ਕੰਮ ਨੂੰ ਜਾਰੀ ਰੱਖੇਗਾ।

ਨਾਵਲਕਾਰ ਕ੍ਰਿਸ਼ਨ ਪ੍ਰਤਾਪ, ਰਮਨ ਮਾਨ ਕਾਲੇਕੇ, ਰਾਜੀਵ ਕਮਲ ਅਤੇ ਤਰਸੇਮ ਲੰਡੇ ਨੇ ਅਮਰ ਘੋਲੀਆ ਦੀ ਲਗਨ ਅਤੇ ਮਿਹਨਤ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਅਮਰ ਇਕ ਜਨੂੰਨੀ ਕਲਾਕਾਰ ਹੈ, ਜੋ ਆਪਣੇ ਖਰਚੇ 'ਤੇ ਐਡੇ ਵੱਡੇ ਕਾਰਜ ਕਰ ਰਿਹਾ ਹੈ। ਸਮਾਗਮ ਦੇ ਅੰਤ 'ਚ ਅਮਰ ਸੂਫੀ ਵੱਲੋਂ ਸਾਰਿਆਂ ਦਾ ਧੰਨਵਾਦ ਕੀਤਾ ਗਿਆ। ਮੰਚ ਵੱਲੋਂ ਬੀਬਾ ਬਲਵੰਤ ਅਤੇ ਕਹਾਣੀਕਾਰ ਤਰਸੇਮ ਸਿੰਘ ਭੰਗੂ ਨੂੰ ਸਨਮਾਨਿਤ ਕੀਤਾ ਗਿਆ।

ਸਾਹਿਤ ਚਿੰਤਨ ਦੀ ਮਾਸਿਕ ਮਿਲਣੀ

ਚੰਡੀਗੜ੍ਹ-ਸਾਹਿਤ ਚਿੰਤਨ, ਚੰਡੀਗੜ੍ਹ ਦੀ ਜਨਵਰੀ ਮਹੀਨੇ ਦੀ ਮਾਸਿਕ ਇਕੱਤਰਤਾ ਬਾਬਾ ਭਾਗਾ ਸਿੰਘ ਸੱਜਨ ਯਾਦਗਾਰ ਭਵਨ, ਚੰਡੀਗੜ੍ਹ ਵਿਖੇ ਡਾ. ਅਕਸ਼ੇ ਕੁਮਾਰ ਦੀ ਪ੍ਰਧਾਨਗੀ ਹੇਠ ਹੋਈ। ਡਾ. ਅਰੀਤ ਕੌਰ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ।

ਸਭ ਤੋਂ ਪਹਿਲਾਂ ਪਿਛਲੇ ਦਿਨੀਂ ਵਿੱਛੜੇ ਸਾਥੀਆਂ ਨੂੰ ਦੋ ਮਿੰਟ ਮੌਨ ਖੜ੍ਹੇ ਹੋ ਕੇ ਸ਼ਰਧਾਂਜਲੀ ਭੇਟ ਕੀਤੀ। ਫਿਰ ਪਿਛਲੇ ਮਹੀਨੇ ਦੀ ਕਾਰਵਾਈ ਪੜ੍ਹੀ ਤੇ ਪ੍ਰਵਾਨ ਕੀਤੀ ਗਈ। ਸ੍ਰੀਲੰਕਾ ਦੇ ਲੇਖਕ ਸ਼ੀਹਨ ਕਰੰਤਿਲਕਾ ਦੇ ਸਾਲ 2022 ਦੇ ਬੁੱਕਰ ਪੁਰਸਕਾਰ ਨਾਲ ਸਨਮਾਨਿਤ ਨਾਵਲ-'ਦ ਸੈਵਨ ਮੂਨਸ ਆਫ ਮਾਲੀ ਅਲਮੇਡਾ' ਬਾਰੇ ਸੰਖੇਪ ਚਰਚਾ ਕਰਦਿਆਂ ਡਾ. ਸੁਮਨਦੀਪ ਕੌਰ ਨੇ ਕਿਹਾ ਕਿ ਨਾਵਲ ਦਾ ਮੁੱਖ ਪਾਤਰ ਪ੍ਰਲੋਕ ਵਿੱਚ ਹੁੰਦੇ ਹੋਏ ਸ੍ਰੀਲੰਕਾ ਦੇ ਗ੍ਰਹਿ ਯੁੱਧ ਦਾ ਪ੍ਰੈੱਸ ਫੋਟੋਗ੍ਰਾਫਰ ਦਾ ਕੰਮ ਕਰ ਰਿਹਾ ਹੈ। ਤਾਮਿਲਾਂ ਨੂੰ ਸਿਨਹਾਲੀਆਂ ਦੇ ਮੁਕਾਬਲੇ ਸਰਕਾਰੀ ਤੇ ਆਰਥਿਕ ਖੇਤਰ ਵਿੱਚ ਵਧੇਰੇ ਪ੍ਰਤੀਨਿਧਤਾ ਮਿਲਣ ਕਰਕੇ ਤਣਾਅ ਪੈਦਾ ਹੁੰਦਾ ਹੈ। ਨਸਲੀ ਤੇ ਸੱਭਿਆਚਾਰਕ ਪਛਾਣਾਂ ਨੂੰ ਅਣਗੌਲਿਆ ਕੀਤਾ ਜਾਂਦਾ ਹੈ। ਚਾਹ/ਕਾਫੀ ਦੇ ਬਗੀਚਿਆਂ ਵਿੱਚ ਕੰਮ ਕਰਦੇ ਲੋਕਾਂ ਨੂੰ ਵੋਟ ਦੇ ਅਧਿਕਾਰ ਤੋਂ ਵਾਂਝਾ ਕੀਤਾ ਜਾਂਦਾ ਹੈ। ਘੱਟ-ਗਿਣਤੀਆਂ ਦੀ ਬੋਲੀ ਤੇ ਧਰਮ ਨੂੰ ਹਾਸ਼ੀਏ ਉੱਤੇ ਧੱਕ ਕੇ ਬੋਧੀਆਂ ਨੂੰ ਪ੍ਰਮੁਖਤਾ ਦਿੱਤੀ ਜਾਂਦੀ ਹੈ। ਇਸੇ ਬੇਚੈਨੀ ਵਿਚੋਂ ਹਥਿਆਰਬੰਦ ਰਾਹ ਨਿਕਲਦਾ ਹੈ। ਡਾ. ਰਾਜੇਸ਼ ਜੈਸਵਾਲ ਨੇ ਬਹਿਸ ਸ਼ੁਰੂ ਕਰਦਿਆਂ ਕਿਹਾ ਕਿ ਇਹ ਨਾਵਲ ਸ੍ਰੀਲੰਕਾ ਸਮੇਤ ਪੂਰੇ ਦੱਖਣੀ ਏਸ਼ੀਆ ਦੇ ਸਰੋਕਾਰਾਂ ਅਤੇ ਫ਼ਿਕਰਾਂ ਦੀ ਗੱਲ ਕਰਦਾ ਹੈ। ਡਾ. ਜਸਪਾਲ ਸਿੰਘ ਨੇ ਕਿਹਾ ਕਿ ਇਹ ਸਮਾਜਿਕ ਅਧੋਗਤੀ ਦਾ ਨਾਵਲ ਹੈ। ਲੜਾਈਆਂ ਬੰਦੇ ਦਾ ਅਮਾਨਵੀਕਰਨ ਕਰਦੀਆਂ ਹਨ। ਜੋਗਿੰਦਰ ਸਿੰਘ ਨੇ ਕਿਹਾ ਕਿ ਇਹ ਹਾਕਮ ਜਮਾਤਾਂ ਤੇ ਹਾਸ਼ੀਆਗਤ ਜਮਾਤਾਂ ਦਾ ਭੇੜ ਹੈ। ਡਾ. ਕਾਂਤਾ ਇਕਬਾਲ ਨੇ ਕਿਹਾ ਕਿ ਇਹ ਸਮੇਂ ਦੀ ਪੋਸਟ ਟਰੁੱਥ ਹੈ। ਹਾਕਮਾਂ ਦੇ ਅੰਨ੍ਹੇ ਬਿਰਤਾਂਤ ਨੂੰ ਮੰਨੀ ਜਾਣਾ ਠੀਕ ਨਹੀਂ ਹੈ। ਸੱਜਨ ਸਿੰਘ ਨੇ ਕਿਹਾ ਕਿ ਵਿਰੋਧੀ ਧਿਰਾਂ ਨੂੰ ਟੁਕੜੇ-ਟੁਕੜੇ ਗੈਂਗ ਕਹਿਣਾ ਲੋਕਤੰਤਰ ਨੂੰ ਦੁਰਕਾਰਨਾ ਹੈ। ਮੁੱਖ ਮਹਿਮਾਨ ਡਾ. ਅਰੀਤ ਕੌਰ ਨੇ ਕਿਹਾ ਕਿ ਟੈਕਸਟ ਵਿੱਚੋਂ ਇੰਡੀਅਨ ਪੀਸ ਕੀਪਿੰਗ ਫੋਰਸ ਦੀ ਭੂਮਿਕਾ ਬਾਰੇ ਪਤਾ ਲੱਗਦਾ ਹੈ। ਚੌਰਾਸੀ ਵੇਲੇ ਦਾ ਐੱਚ.ਕੇ.ਐੱਲ. ਭਗਤ ਚੇਤੇ ਆਉਂਦਾ ਹੈ। ਹਾਕਮ ਉਪਰਲੇ ਪੱਧਰ ਉੱਤੇ ਰਲ-ਮਿਲ ਕੇ ਰਹਿੰਦੇ ਹਨ। ਮੁਲਕ ਦੀ ਸਿਆਸਤ ਵੀ ਅੱਤਵਾਦ ਨਾਲ ਜੁੜੀ ਹੋਈ ਹੈ, ਤਾਂ ਲੋਕਾਂ ਦਾ ਹਸ਼ਰ ਵੀ ਇਨਸਾਫ਼ ਅਤੇ ਜਵਾਬਦੇਹੀ ਦੀ ਮੰਗ ਕਰਦਾ ਹੈ। ਡਾ. ਅਕਸ਼ੇ ਕੁਮਾਰ ਨੇ ਪ੍ਰਧਾਨਗੀ ਸਮੇਂ ਬੋਲਦਿਆਂ ਕਿਹਾ ਕਿ ਜਦੋਂ ਹਾਕਮ ਦਬਾਈ ਹੀ ਜਾਣ ਤਾਂ ਬੋਲਣਾ ਹੀ ਇੱਕੋ ਰਾਹ ਬਚਦਾ ਹੈ।

—ਸਰਦਾਰਾ ਸਿੰਘ ਚੀਮਾ

'ਛੱਲਾਂ ਨਾਲ ਗੱਲਾਂ' ਦਾ ਲੋਕ ਅਰਪਣ

ਬਰਨਾਲਾ-ਪ੍ਰਦੇਸੀ ਕਲਾ ਮੰਚ ਵੱਲੋਂ ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ ਪਰਮਜੀਤ ਮਾਨ ਦੀ ਪੁਸਤਕ ਸਮੁੰਦਰਨਾਮਾ 'ਛੱਲਾਂ ਨਾਲ ਗੱਲਾਂ' ਦਾ ਲੋਕ ਅਰਪਣ ਬਰਨਾਲਾ ਦੇ ਸਾਹਿਤਕਾਰਾਂ ਵੱਲੋਂ ਸਥਾਨਕ ਆਈ.ਟੀ.ਆਈ ਹੰਡਿਆਇਆ ਰੋਡ ਬਰਨਾਲਾ ਵਿਖੇ ਕੀਤਾ ਗਿਆ। ਪੁਸਤਕ ਲੋਕ ਅਰਪਣ ਕਰਦਿਆਂ

8-JAN-PAGE-1.qxd 1/7/2023 10:14 PM Page 1

ਐਤਵਾਰ, 8 ਜਨਵਰੀ, 2023
24 ਪੋਹ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 219

ਨਵਾਂ ਜ਼ਮਾਨਾ

DAILY NAWAN ZAMANA • SUNDAY, 8 JANUARY, 2023
ਜਲੰਧਰ
nawan zamana TV
ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 14

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

ਸਰਾਰੀ ਦਾ ਅਸਤੀਫ਼ਾ, ਡਾ. ਬਲਬੀਰ ਸਿੰਘ ਨੇ ਸਿਹਤ ਮੰਤਰੀ ਵਜੋਂ ਲਿਆ ਹਲਫ਼

ਚੰਡੀਗੜ੍ਹ (ਗੁਰਜੀਤ ਬਿੱਲਾ)

ਫੌਜਾ ਸਿੰਘ ਸਰਾਰੀ

ਪੰਜਾਬ ਦੇ ਫੂਡ ਪ੍ਰੋਸੈਸਿੰਗ ਅਤੇ ਬਾਗਬਾਨੀ ਮੰਤਰੀ ਫੌਜਾ ਸਿੰਘ ਸਰਾਰੀ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਉਨ੍ਹਾ ਦਾ ਕਹਿਣਾ ਹੈ ਕਿ ਉਨ੍ਹਾ ਨਿੱਜੀ ਕਾਰਨਾਂ ਕਰਕੇ ਅਸਤੀਫ਼ਾ ਦਿੱਤਾ ਹੈ। ਸਰਾਰੀ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਆਪਣਾ ਅਸਤੀਫ਼ਾ ਸੌਂਪ ਦਿੱਤਾ ਹੈ। ਉਹ ਪਾਰਟੀ ਦੇ ਵਫਾਦਾਰ ਸਿਪਾਹੀ ਹਨ ਅਤੇ ਰਹਿਣਗੇ। ਸਰਾਰੀ 'ਤੇ ਤਿੰਨ ਮਹੀਨੇ ਪਹਿਲਾਂ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ ਸਨ। ਉਨ੍ਹਾ ਦੀ ਪੈਸਿਆਂ ਦੀ ਸੈਟਿੰਗ ਕਰਦੇ ਹੋਏ ਇੱਕ ਆਡੀਓ ਵਾਇਰਲ ਹੋਈ ਸੀ, ਜਿਸ ਤੋਂ ਬਾਅਦ ਪਾਰਟੀ ਪੱਧਰ 'ਤੇ ਉਨ੍ਹਾ ਤੋਂ ਜਵਾਬ ਮੰਗਿਆ ਗਿਆ ਸੀ। ਸਰਾਰੀ ਦੇ ਮੁੱਦੇ 'ਤੇ ਅਕਾਲੀ ਦਲ ਨੇ ਵੀ ਸਰਕਾਰ ਨੂੰ ਘੇਰ ਰੱਖਿਆ ਸੀ। ਫੌਜਾ ਸਿੰਘ ਨੇ ਅਸਤੀਫ਼ੇ ਦੇ ਨਾਲ ਹੀ ਕਿਹਾ ਕਿ ਉਹ ਪਾਰਟੀ ਦੇ ਵਫ਼ਦਾਰ ਸਿਪਾਹੀ ਹਨ ਅਤੇ ਰਹਿਣਗੇ। ਫੌਜਾ ਸਿੰਘ ਨੂੰ ਪੰਜਾਬ ਕੈਬਨਿਟ ਦੇ ਵਿਸਥਾਰ ਦੇ ਨਾਲ ਹੀ ਮੰਤਰੀ ਦਾ ਅਹੁਦਾ ਵੀ ਦਿੱਤਾ ਗਿਆ ਸੀ। ਉਨ੍ਹਾ ਕੋਲ ਖੁਰਾਕ ਅਤੇ ਬਾਗਬਾਨੀ ਮੰਤਰਾਲਾ ਸੀ, ਪਰ ਸਤੰਬਰ 'ਚ ਉਨ੍ਹਾ ਦਾ ਇੱਕ ਆਡੀਓ ਕਲਿਪ ਵਾਇਰਲ ਹੋ ਗਿਆ। ਉਸ ਸਮੇਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜਰਮਨ ਦੇ ਦੌਰੇ 'ਤੇ ਸਨ। ਵਾਪਸ ਆਉਣ ਤੋਂ ਬਾਅਦ ਸਰਾਰੀ ਨੂੰ ਨੋਟਿਸ ਭੇਜਿਆ ਗਿਆ ਸੀ। ਸਰਾਰੀ ਨੇ ਕਿਹਾ ਸੀ ਕਿ ਵਿਰੋਧੀਆਂ ਨੇ ਉਨ੍ਹਾ ਨੂੰ ਬਦਨਾਮ ਕਰਨ ਲਈ ਇੱਕ ਸਾਜ਼ਿਸ਼ ਦੇ ਤਹਿਤ ਇਹ ਆਡੀਓ ਤਿਆਰ ਕਰਕੇ ਸੋਸ਼ਲ ਮੀਡੀਆ 'ਤੇ ਪਾਈ, ਜਿਸ 'ਚ ਕੋਈ ਸੱਚਾਈ ਨਹੀਂ, ਪਰ ਵਿਰੋਧੀਆਂ ਨੇ ਉਸ ਸਮੇਂ ਵੀ ਅਸਤੀਫ਼ੇ ਦੀ ਮੰਗ ਕੀਤੀ ਸੀ। ਫੌਜਾ ਸਿੰਘ ਸਰਾਰੀ ਪੰਜਾਬ ਪੁਲਸ ਦੇ ਰਿਟਾਇਰਡ ਇੰਸਪੈਕਟਰ ਹਨ।]

ਉਨ੍ਹਾ ਪਹਿਲੀ ਵਾਰ ਹੀ ਚੋਣ ਲੜੀ ਅਤੇ ਬਾਰਡਰ ਏਰੀਆ ਫਿਰੋਜ਼ਪੁਰ ਦੇ ਗੁਰੂ ਹਰਸਹਾਏ ਤੋਂ ਵਿਧਾਇਕ ਬਣੇ। ਸਰਾਰੀ ਪੰਜਾਬ ਦੀ ਆਪ ਸਰਕਾਰ 'ਚ ਮੰਤਰੀ ਅਹੁਦਾ ਗਵਾਉਣ ਵਾਲੇ ਦੂਜੇ ਮੰਤਰੀ ਹਨ। ਇਸ ਤੋਂ ਪਹਿਲਾਂ ਸਿਹਤ ਮੰਤਰੀ ਡਾ. ਵਿਜੈ ਸਿੰਗਲਾ ਨੂੰ ਬਰਖਾਸਤ ਕੀਤਾ ਗਿਆ ਸੀ। ਸਿੰਗਲਾ 'ਤੇ ਵਿਭਾਗ ਦੇ ਟੈਂਡਰ 'ਚ ਕਮਿਸ਼ਨ ਲੈਣ ਦੇ ਦੋਸ਼ ਲੱਗੇ ਸਨ। ਸਿੰਗਲਾ ਨੂੰ ਜੇਲ੍ਹ ਵੀ ਰਹਿਣਾ ਪਿਆ ਸੀ। ਹਾਲਾਂਕਿ ਸਿੰਗਲਾ ਨੂੰ ਆਮ ਆਦਮੀ ਪਾਰਟੀ 'ਚੋਂ ਬਰਖਾਸਤ ਨਹੀਂ ਕੀਤਾ ਗਿਆ।

ਵਿਭਾਗਾਂ 'ਚ ਫੇਰਬਦਲ

ਚੰਡੀਗੜ੍ਹ : ਮਾਨ ਕੈਬਨਿਟ 'ਚ ਨਵੇਂ ਚਿਹਰੇ ਦੀ ਐਂਟਰੀ ਹੋਈ ਹੈ। ਪਟਿਆਲਾ ਦਿਹਾਤੀ ਤੋਂ ਵਿਧਾਇਕ ਡਾ. ਬਲਬੀਰ ਸਿੰਘ ਨੇ ਸ਼ਨੀਵਾਰ ਰਾਜ ਭਵਨ ਵਿਖੇ ਕੈਬਨਿਟ ਮੰਤਰੀ ਵਜੋਂ ਹਲਫ਼ ਲਿਆ। ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਉਹਨਾ ਨੂੰ ਸਹੁੰ ਚੁਕਾਈ। ਇਸ ਸਮੇਂ ਮੁੱਖ ਮੰਤਰੀ ਭਗਵੰਤ ਮਾਨ ਅਤੇ ਰਾਜ ਸਭਾ ਮੈਂਬਰ ਰਾਘਵ ਚੱਢਾ ਵੀ ਰਾਜ ਭਵਨ ਵਿਖੇ ਉਹਨਾ ਦੇ ਨਾਲ ਸਨ। ਇਸ ਦੇ ਨਾਲ ਹੀ ਮੰਤਰੀਆਂ ਦੇ ਵਿਭਾਗਾਂ 'ਚ ਵੀ ਫੇਰਬਦਲ ਕੀਤਾ ਗਿਆ ਹੈ। ਡਾ. ਬਲਬੀਰ ਸਿੰਘ ਨੂੰ ਸਿਹਤ ਮੰਤਰੀ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਉਹਨਾ ਕੋਲ ਪਰਵਾਰ ਭਲਾਈ ਮੰਤਰੀ, ਮੈਡੀਕਲ ਸਿੱਖਿਆ ਅਤੇ ਖੋਜ ਸੰਬੰਧੀ ਮੰਤਰਾਲਾ ਤੇ ਚੋਣਾਂ ਸੰਬੰਧੀ ਮੰਤਰਾਲਾ ਵੀ ਹੋਵੇਗਾ। ਚੇਤਨ ਸਿੰਘ ਜੌੜਾਮਾਜਰਾ ਨੂੰ ਉਹ ਸਾਰੇ ਮੰਤਰਾਲੇ ਦਿੱਤੇ ਗਏ ਹਨ, ਜੋ ਕਿ ਫੌਜਾ ਸਿੰਘ ਸਰਾਰੀ ਕੋਲ ਸਨ। ਉਹਨਾ ਨੂੰ ਫੂਡ ਪ੍ਰੋਸੈਸਿੰਗ, ਹਾਰਟੀਕਲਚਰ, ਡਿਫੈਂਸ ਸਰਵਿਸ ਵੈੱਲਫੇਅਰ ਤੇ ਨਾਲ ਹੀ ਫਰੀਡਮ ਫਾਈਟਰ ਦਾ ਮਹਿਕਮਾ ਦਿੱਤਾ ਗਿਆ ਹੈ। ਹਰਜੋਤ ਸਿੰਘ ਬੈਂਸ ਤੋਂ ਜੇਲ੍ਹ ਮਹਿਕਮਾ ਵਾਪਸ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਖੁਦ ਆਪਣੇ ਕੋਲ ਰੱਖ ਲਿਆ ਹੈ। ਉਹਨਾ ਤੋਂ ਮਾਈਨਿੰਗ ਮੰਤਰਾਲਾ ਵੀ ਵਾਪਸ ਲੈ ਕੇ ਮੀਤ ਹੇਅਰ ਨੂੰ ਦਿੱਤਾ ਗਿਆ ਹੈ। ਹਰਜੋਤ ਬੈਂਸ ਨੂੰ ਸਿੱਖਿਆ ਨਾਲ ਜੁੜੇ ਸਾਰੇ ਮੰਤਰਾਲੇ, ਜਿਵੇਂ ਕਿ ਉਚੇਰੀ ਸਿੱਖਿਆ ਤੇ ਟੈਕਨੀਕਲ ਐਜੂਕੇਸ਼ਨ ਸੌਂਪੇ ਗਏ ਹਨ।

ਜਹਾਜ਼ 'ਚ ਬਜ਼ੁਰਗ ਔਰਤ ਨਾਲ ਬਦਸਲੂਕੀ ਕਰਨ ਵਾਲਾ 14 ਦਿਨ ਦੀ ਨਿਆਇਕ ਹਿਰਾਸਤ 'ਚ

ਨਵੀਂ ਦਿੱਲੀ : ਏਅਰ ਇੰਡੀਆ ਦੀ ਫਲਾਇਟ 'ਚ ਬਜ਼ੁਰਗ ਮਹਿਲਾ ਨਾਲ ਬਦਸਲੂਕੀ ਦੇ ਦੋਸ਼ੀ ਸੰਕਰ ਮਿਸ਼ਰਾ ਨੂੰ ਦਿੱਲੀ ਪੁਲਸ ਨੇ ਬੈਂਗਲੁਰੂ ਤੋਂ ਗ੍ਰਿਫ਼ਤਾਰ ਕਰਕੇ ਕੋਰਟ 'ਚ ਪੇਸ਼ ਕੀਤਾ। ਜਿੱਥੋਂ ਕੋਰਟ ਨੇ ਉਸ ਨੂੰ 14 ਦਿਨ ਦੀ ਨਿਆਇਕ ਹਿਰਾਸਤ 'ਚ ਭੇਜ ਦਿੱਤਾ। ਅਸਲ 'ਚ ਇਹ ਘਟਨਾ ਦੇ ਜਨਤਕ ਹੋਣ ਤੋਂ ਬਾਅਦ ਉਹ ਫਰਾਰ ਸੀ ਅਤੇ ਉਸ ਨੂੰ ਲੱਭਣ ਲਈ ਲੁੱਕਆਊਟ ਸਰਕੂਲਰ ਵੀ ਜਾਰੀ ਕੀਤਾ ਗਿਆ ਸੀ। ਘਟਨਾ 26 ਨਵੰਬਰ 2022 ਨੂੰ ਵਾਪਰੀ, ਪਰ ਰਿਪੋਰਟ 4 ਜਨਵਰੀ 2023 ਨੂੰ ਦਰਜ ਕੀਤੀ ਗਈ ਸੀ। ਦੋਸ਼ ਹੈ ਕਿ 26 ਨਵੰਬਰ ਨੂੰ ਨਿਊ ਯਾਰਕ-ਦਿੱਲੀ ਏਅਰ ਇੰਡੀਆ ਦੀ ਉਡਾਣ-102 'ਤੇ ਨਸ਼ੇ 'ਚ ਟੱਲੀ ਸ਼ੰਕਰ ਮਿਸ਼ਰਾ ਨੇ ਕਥਿਤ ਤੌਰ 'ਤੇ ਆਪਣੀ ਪੈਂਟ ਉਤਾਰ ਦਿੱਤੀ ਅਤੇ ਬਿਜ਼ਨੈੱਸ ਕਲਾਸ 'ਚ ਬੈਠੀ ਬਜ਼ੁਰਗ ਔਰਤ 'ਤੇ ਪਿਸ਼ਾਬ ਕਰ ਦਿੱਤਾ। ਬਾਅਦ 'ਚ ਉਸ ਨੇ ਔਰਤ ਨੂੰ ਬੇਨਤੀ ਕੀਤੀ ਕਿ ਉਹ ਪੁਲਸ ਕੋਲ ਰਿਪੋਰਟ ਨਾ ਕਰੇ, ਇਸ ਦਾ ਉਸ ਦੀ ਪਤਨੀ ਅਤੇ ਬੱਚੇ 'ਤੇ ਅਸਰ ਪਵੇਗਾ। ਮਿਸ਼ਰਾ ਦੇ ਵਕੀਲ ਨੇ ਦਾਅਵਾ ਕੀਤਾ ਹੈ ਕਿ ਉਸ ਦੇ ਮੁਵੱਕਲ ਨੇ ਸ਼ਿਕਾਇਤ ਦਰਜ ਕਰਵਾਉਣ ਵਾਲੀ ਔਰਤ ਨਾਲ ਸੰਪਰਕ ਕੀਤਾ ਸੀ, ਉਸ ਨੇ ਆਪਣੇ ਕੀਤੇ ਲਈ ਮੁਆਫੀ ਮੰਗੀ ਸੀ। ਇੱਥੋਂ ਤੱਕ ਕਿ ਔਰਤ ਨੂੰ 15,000 ਰੁਪਏ ਮੁਆਵਜ਼ੇ ਵਜੋਂ ਦਿੱਤੇ ਅਤੇ ਉਸ ਦਾ ਸਾਮਾਨ ਸਾਫ ਕਰਵਾ ਦਿੱਤਾ। ਮਹਿਲਾ ਦੀ ਧੀ ਨੇ ਕਥਿਤ ਤੌਰ 'ਤੇ ਇਕ ਮਹੀਨੇ ਬਾਅਦ ਇਹ ਕਹਿ ਕੇ ਪੈਸੇ ਵਾਪਸ ਕਰ ਦਿੱਤੇ ਕਿ ਉਹ ਇਸ ਨੂੰ ਸਵੀਕਾਰ ਨਹੀਂ ਕਰ ਸਕਦੇ। ਦਿੱਲੀ ਪੁਲਸ ਨੇ ਇਸ ਮਾਮਲੇ 'ਚ 4 ਜਨਵਰੀ ਨੂੰ ਐੱਫ ਆਈ ਆਰ ਦਰਜ ਕੀਤੀ ਸੀ। ਉਸ ਨੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਨ ਲਈ ਕਈ ਟੀਮਾਂ ਬਣਾਈਆਂ ਸਨ, ਜੋ ਮੁੰਬਈ ਅਤੇ ਬੈਂਗਲੁਰੂ ਵਿੱਚ ਉਸ ਦਾ ਪਤਾ ਲਾ ਰਹੀਆਂ ਸਨ। ਸ਼ੰਕਰ ਮਿਸਰਾ ਦੇ ਵਕੀਲ ਦਾ ਕਹਿਣਾ ਹੈ ਕਿ ਸ਼ਰਾਬ ਦੇ ਨਸ਼ੇ 'ਚ ਹੋਈ ਇਸ ਗਲਤੀ ਤੋਂ ਬਾਅਦ ਸ਼ੰਕਰ ਨੇ ਔਰਤ ਨਾਲ ਗੱਲ ਕਰਕੇ ਸਾਰੀ ਗੱਲ ਸਾਫ ਕਰ ਦਿੱਤੀ ਸੀ। ਦੋਵਾਂ ਧਿਰਾਂ ਵਿਚਾਲੇ ਸਮਝੌਤਾ ਵੀ ਹੋ ਗਿਆ ਸੀ, ਪਰ ਹੁਣ ਇਸ ਮਾਮਲੇ ਨੂੰ ਨਵਾਂ ਮੋੜ ਦਿੱਤਾ ਜਾ ਰਿਹਾ ਹੈ।

6 ਸਾਲ ਦੇ ਬੱਚੇ ਨੇ ਅਧਿਆਪਕਾ ਨੂੰ ਗੋਲੀ ਮਾਰੀ

ਵਰਜੀਨੀਆ : ਅਮਰੀਕਾ ਦੇ ਵਰਜੀਨੀਆ 'ਚ 6 ਸਾਲਾ ਲੜਕੇ ਨੇ ਸਕੂਲ 'ਚ ਅਧਿਆਪਕਾ ਨੂੰ ਗੋਲੀ ਮਾਰ ਦਿੱਤੀ। ਪਹਿਲੀ ਜਮਾਤ 'ਚ ਪੜ੍ਹਦੇ ਇਸ ਵਿਦਿਆਰਥੀ ਦਾ ਅਧਿਆਪਕਾ ਨਾਲ ਝਗੜਾ ਹੋ ਗਿਆ ਸੀ। ਨਿਊ ਪੋਰਟ ਸਿਟੀ ਪੁਲਸ ਅਤੇ ਸਕੂਲ ਪ੍ਰਬੰਧਨ ਨੇ ਇਹ ਜਾਣਕਾਰੀ ਦਿੱਤੀ। ਹਾਲਾਂਕਿ, ਰਿਚਨੇਕ ਐਲੀਮੈਂਟਰੀ ਸਕੂਲ 'ਚ ਗੋਲੀਬਾਰੀ ਦੀ ਘਟਨਾ ਵਿੱਚ ਕੋਈ ਵਿਦਿਆਰਥੀ ਜ਼ਖਮੀ ਨਹੀਂ ਹੋਇਆ। ਪੁਲਸ ਮੁਖੀ ਸਟੀਵ ਡਰਿਊ ਨੇ ਕਿਹਾ ਕਿ ਅਧਿਆਪਕਾ, ਜਿਸ ਦੀ ਉਮਰ 30 ਸਾਲ ਹੈ, ਗੋਲੀਬਾਰੀ 'ਚ ਗੰਭੀਰ ਰੂਪ ਵਿਚ ਜ਼ਖਮੀ ਹੋ ਗਈ, ਜਿਸ ਦੀ ਹਾਲਤ 'ਚ ਹੁਣ ਸੁਧਾਰ ਹੈ।

ਪਾਪਾ, ਸੀ ਜੇ ਆਈ ਕੀ ਬਣੇ, ਸਾਨੂੰ ਸਮਾਂ ਹੀ ਨਹੀਂ ਦਿੰਦੇ

ਨਵੀਂ ਦਿੱਲੀ : ਭਾਰਤ ਦੇ ਮੁੱਖ ਜਸਟਿਸ ਧਨੰਜੈ ਯਸ਼ਵੰਤ ਚੰਦਰਚੂੜ ਅਕਸਰ ਚਰਚਾ 'ਚ ਰਹਿੰਦੇ ਹਨ। ਜਸਟਿਸ ਡੀ ਵੀ ਚੰਦਰਚੂੜ ਦੀਆਂ ਦੋਵੇਂ ਬੇਟੀਆਂ ਲਗਾਤਾਰ ਸ਼ਿਕਾਇਤ ਕਰ ਰਹੀਆਂ ਸਨ ਕਿ ਜਦ ਤੋਂ ਤੁਸੀਂ ਸੀ ਜੇ ਆਈ ਬਣੇ, ਸਾਨੂੰ ਬਿਲਕੁਲ ਵੀ ਟਾਇਮ ਨਹੀਂ ਦਿੰਦੇ। ਦੇਸ਼ ਭਰ ਤੋਂ ਗੰਭੀਰ ਮੁਕੱਦਮਿਆਂ ਨੂੰ ਨਿਪਟਾਉਣ ਵਾਲੇ ਜਸਟਿਸ ਚੰਦਰਚੂੜ ਆਪਣੀ ਬੇਟੀਆਂ ਦੀਆਂ ਸ਼ਿਕਾਇਤਾਂ ਦਾ ਹੀ ਹੱਲ ਨਹੀਂ ਕਰ ਪਾ ਰਹੇ। ਬੇਟੀਆਂ ਨੂੰ ਸਮਝਾਉਣ ਲਈ ਉਹ ਕਹਿੰਦੇ ਹੁਣ ਕੰਮ ਬਹੁਤ ਵਧ ਗਿਆ ਹੈ, ਇਸ ਲਈ ਸਮਾਂ ਨਹੀਂ ਮਿਲਦਾ, ਪਰ ਸ਼ਿਕਾਇਤਾਂ ਘਟ ਨਹੀਂ ਰਹੀਆਂ ਸਨ, ਇਸ ਲਈ ਚੰਦਰਚੂੜ ਦੋਵੇਂ ਬੇਟੀਆਂ ਮਾਹੀ ਅਤੇ ਪ੍ਰਿਯੰਕਾ ਨੂੰ ਨਾਲ ਲੈ ਕੇ ਆਪਣੇ ਦਫ਼ਤਰ ਪਹੁੰਚੇ। ਉਨ੍ਹਾਂ ਨੂੰ ਆਪਣਾ ਕੋਰਟ ਰੂਮ ਦਿਖਾਇਆ, ਉਹ ਸਥਾਨ ਵੀ ਦਿਖਾਇਆ, ਜਿੱਥੇ ਵਕੀਲ ਬਹਿਸ ਕਰਦੇ ਹਨ। ਉਨ੍ਹਾ ਆਪਣੀ ਬੇਟੀਆਂ ● ਬਾਕੀ ਸਫ਼ਾ 10 'ਤੇ

ਦਿੱਲੀ 'ਚ ਬਰਫ਼ਬਾਰੀ ਹੀ ਬਾਕੀ ! 1.5 ਡਿਗਰੀ ਪਾਰਾ

ਨਵੀਂ ਦਿੱਲੀ : ਰਾਜਧਾਨੀ ਦਿੱਲੀ-ਐੱਨ ਸੀ ਆਰ 'ਚ ਲੋਕਾਂ ਦਾ ਠੰਢ ਨਾਲ ਬੁਰਾ ਹਾਲ ਹੈ। ਲੋਕਾਂ ਦੀ ਸ਼ਨੀਵਾਰ ਸਵੇਰ ਦੀ ਸ਼ੁਰੂਆਤ ਹੱਡ ਕੰਬਾਊ ਠੰਢ ਨਾਲ ਹੋਈ। ਦਿੱਲੀ ਰਿੱਜ 'ਤੇ ਤਾਂ ਘੱਟੋ-ਘੱਟ ਤਾਪਮਾਨ 1.5 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਮੌਸਮ ਵਿਭਾਗ ਦੇ ਅੰਕੜਿਆਂ ਅਨੁਸਾਰ ਸਫਦਰਗੰਜ 'ਚ ਘੱਟੋ-ਘੱਟ 2.2 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਉਥੇ ਹੀ ਲੋਧੀ ਰੋਡ 'ਚ 2 ਡਿਗਰੀ ਜਾ ਪਹੁੰਚਾ। ਰਾਜਸਥਾਨ ਦੇ ਚੂਰੂ 'ਚ 0 ਡਿਗਰੀ ਸੈਲਸੀਅਸ ਤਾਪਮਾਨ ਦਰਜ ਕੀਤਾ ਗਿਆ।

ਮੌਸਮ ਵਿਭਾਗ ਅਨੁਸਾਰ ਮੱਧ ਪ੍ਰਦੇਸ਼ ਦੇ ਛਤਰਪੁਰ ਜ਼ਿਲ੍ਹੇ ਦੇ ਨੌਗੋਂਗ 'ਚ ਘੱਟੋ-ਘੱਟ 0.5 ਡਿਗਰੀ ਸੈਲਸੀਅਸ ਦਰਜ ਕੀਤਾ ਕੀਤਾ ਗਿਆ। ਸੰਘਣੀ ਧੁੰਦ ਕਾਰਨ ਸੜਕ ਅਤੇ ਰੇਲ ਆਵਾਜਾਈ ਪ੍ਰਭਾਵਤ ਹੋਈ। ਰੇਲਵੇ ਦੇ ਬੁਲਾਰੇ ਨੇ ਦੱਸਿਆ ਕਿ ਧੁੰਦ ਕਾਰਨ 36 ਟਰੇਨਾਂ ਇੱਕ ਤੋਂ ਸੱਤ ਘੰਟੇ ਦੇਰੀ ਨਾਲ ਚੱਲ ਰਹੀਆਂ ਹਨ। ਸ਼ਨੀਵਾਰ ਹੀ ਮੌਸਮ ਦੀ ਖਰਾਬੀ ਕਾਰਨ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਤੋਂ 34 ਘਰੇਲੂ ਉਡਾਣਾਂ ਦੇਰੀ ਨਾਲ ਰਵਾਨਾ ਹੋਈਆਂ। ਮੌਸਮ ਵਿਭਾਗ ਨੇ ਪੰਜਾਬ 'ਚ ਅਗਲੇ ਕੁਝ ਦਿਨਾਂ 'ਚ ਮੀਂਹ ਪੈਣ ਦੀ ਸੰਭਾਵਨਾ ਜ਼ਾਹਰ ਕੀਤੀ ਜਾ ਰਹੀ ਹੈ। ਧੁੰਦ ਦੇ ਮੱਦੇਨਜਰ ਮੋਹਾਲੀ ਅਤੇ ਚੰਡੀਗੜ੍ਹ ਅੰਤਰਰਾਸ਼ਟਰੀ ਹਵਾਈ ਅੱਡਿਆਂ ਤੋਂ 4 ਉਡਾਣਾਂ ਵੀ ਰੱਦ ਕੀਤੀਆਂ ਗਈਆਂ ਹਨ। ਚੰਡੀਗੜ੍ਹ ਮੌਸਮ ਵਿਭਾਗ ਦੀ ਜਾਣਕਾਰੀ ਅਨੁਸਾਰ ਅਗਲੇ 4 ਦਿਨਾਂ ਦੌਰਾਨ ਧੁੰਦ ਤੋਂ ਰਾਹਤ ਦੀ ਸੰਭਾਵਨਾ ਨਹੀਂ। ਔਸਤ ਤਾਪਮਾਨ ਵੀ ਇਸ ਦੌਰਾਨ 10 ਡਿਗਰੀ ਤੋਂ ਵੱਧ ਨਹੀਂ। ਪਿਛਲੇ 24 ਘੰਟਿਆਂ ਦੌਰਾਨ ਵੱਧ ਤੋਂ ਵੱਧ ਤਾਪਮਾਨ 2-3 ਡਿਗਰੀ ਤੋਂ ਹੇਠਾਂ ਦਰਜ ਕੀਤਾ ਗਿਆ ਹੈ।

3.16 ਕੁਇੰਟਲ ਭੁੱਕੀ ਸਮੇਤ 3 ਕਾਬੂ

ਪਠਾਨਕੋਟ (ਦਵਿੰਦਰ ਸਿੰਘ)

ਪਠਾਨਕੋਟ ਪੁਲਸ ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਨੱਥ ਪਾਉਣ ਲਈ ਆਪਣੀਆਂ ਕੋਸ਼ਿਸ਼ਾਂ ਵਿੱਚ ਇੱਕ ਵੱਡੀ ਸਫਲਤਾ ਹਾਸਲ ਕਰਦੇ ਹੋਏ ਜੰਮੂ-ਕਸ਼ਮੀਰ ਤੋਂ ਆ ਰਹੇ ਇੱਕ ਟਰੱਕ ਵਿੱਚ ਛੁਪਾ ਕੇ ਰੱਖੀ 3.16 ਕੁਇੰਟਲ ਭੁੱਕੀ ਬਰਾਮਦ ਕਰਕੇ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਫੜੇ ਗਏ ਵਿਅਕਤੀਆਂ ਦੀ ਪਛਾਣ ਕਪੂਰਥਲਾ ਦੇ ਬੂਟ ਪਿੰਡ ਦੇ ਸਲਿੰਦਰ ਸਿੰਘ, ਮੋਗਾ ਦੇ ਪਿੰਡ ਦੌਲੇਵਾਲ ਦੇ ਬੋਹੜ ਸਿੰਘ ਵਜੋਂ ਹੋਈ ਹੈ।

ਸੀਨੀਅਰ ਕਪਤਾਨ ਪੁਲਸ (ਐੱਸ ਐੱਸ ਪੀ) ਹਰਕਮਲਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਅਤੇ ਡੀ ਜੀ ਪੀ ਪੰਜਾਬ ਗੌਰਵ ਯਾਦਵ ਦੇ ਹੁਕਮਾਂ ਅਨੁਸਾਰ ਪੁਲਸ ਨਸ਼ੀਲੇ ਪਦਾਰਥਾਂ ਦੀ ਸਮੱਗਲਿੰਗ ਕਰਨ ਵਾਲੇ ਤਸਕਰਾਂ ਦੀਆਂ ਹਰਕਤਾਂ 'ਤੇ ਚੌਕਸੀ ਨਾਲ ਨਜ਼ਰ ਰੱਖ ਰਹੀ ਹੈ ਅਤੇ ਜੰਮੂ ਅਤੇ ਕਸ਼ਮੀਰ ਤੋਂ ਪੰਜਾਬ ਰਾਜ ਤੱਕ ਆਉਣ ਵਾਲੇ ਵਾਹਨਾਂ ਦੀ ਚੈਕਿੰਗ ਕਰਨ ਲਈ ਡੀ ਐੱਸ ਪੀ ਨਾਰਕੋਟਿਕ ਅਤੇ ਐੱਸ ਐੱਚ ਓ ਥਾਣਾ ਸੁਜਾਨਪੁਰ ਸਮੇਤ ਵਿਸ਼ੇਸ਼ ਜਾਂਚ ਟੀਮਾਂ ਦਾ ਗਠਨ ਕੀਤਾ ਗਿਆ ਹੈ। ਇਸ ਵਿਸ਼ੇਸ਼ ਟੀਮ ਨੇ ਸੂਹ ਮਿਲਣ 'ਤੇ ਹਾਈਟੈੱਕ ਨਾਕਾ ਲਾਇਆ ਸੀ। ਐੱਸ ਐੱਸ ਪੀ ਖੱਖ ਨੇ ਦੱਸਿਆ ਕਿ ਪੁਲਸ ਨਾਕੇ ਦੌਰਾਨ ਸਟੇਸ਼ਨ ਹਾਊਸ ਅਫਸਰ ਸੁਜਾਨਪੁਰ ਦੀ ● ਬਾਕੀ ਸਫ਼ਾ 10 'ਤੇ

ਸੱਤਾਧਾਰੀਆਂ ਨੇ ਕੁਦਰਤੀ ਸੋਮਿਆਂ ਨੂੰ ਲੁੱਟਣ 'ਚ ਕੋਈ ਕਸਰ ਨਹੀਂ ਛੱਡੀ : ਜੌੜਾਮਾਜਰਾ

ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)-ਸੂਬੇ ਦੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਪ੍ਰਸ਼ਾਸਨਕ ਸੁਧਾਰਾਂ ਦੇ ਨਾਲ-ਨਾਲ ਮਨੁੱਖ ਨੂੰ ਮਿਲਣ ਵਾਲੀਆਂ ਸਹੂਲਤਾਂ ਦੇ ਖੇਤਰ 'ਚ ਪਹਿਲ ਦੇ ਅਧਾਰ 'ਤੇ ਕੰਮ ਕਰ ਰਹੀ ਹੈ ਤਾਂ ਕਿ ਮੁੜ ਤੋਂ ਪੰਜਾਬ ਦਾ ਪੁਰਾਣਾ ਅਕਸ ਬਹਾਲ ਕੀਤਾ ਜਾ ਸਕੇ। ਇਨ੍ਹਾਂ ਵਿਚਾਰਾਂ

page-6-8-(JAN)-2023-G-(BV).qxd 1/7/2023 10:20 PM Page 1

ਸੜਕਾਂ ਕਿਨਾਰੇ ਨਜਾਇਜ਼ ਕਬਜ਼ੇ ਹਟਾਉਣ ਲਈ ਵਿਸ਼ੇਸ਼ ਮੁਹਿੰਮ 10 ਨੂੰ : ਜ਼ਿਲ੍ਹਾ ਮੈਜਿਸਟ੍ਰੇਟ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਜ਼ਿਲ੍ਹਾ ਮੈਜਿਸਟ੍ਰੇਟ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਨੇ ਜ਼ਿਲ੍ਹਾ ਗੁਰਦਾਸਪੁਰ ਦੇ ਸਮੂਹ ਬੈਂਕ ਮੈਨੇਜਰਾਂ ਅਤੇ ਹੋਰ ਵਪਾਰਿਕ ਅਦਾਰਿਆਂ ਦੇ ਪ੍ਰਬੰਧਕਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਆਪਣੇ ਅਦਾਰਿਆਂ ਦੇ ਬਾਹਰ ਟ੍ਰੈਫਿਕ ਦੀ ਸਮੱਸਿਆ ਦਾ ਹੱਲ ਕਰਨ ਲਈ ਪਾਰਕਿੰਗ ਲਈ ਜਗ੍ਹਾ ਦਾ ਉਚਿਤ ਪ੍ਰਬੰਧ ਕਰਨ। ਉਨ੍ਹਾਂ ਕਿਹਾ ਕਿ ਜੇਕਰ ਜਗ੍ਹਾ ਦਾ ਪ੍ਰਬੰਧ ਨਹੀਂ ਹੁੰਦਾ ਤਾਂ ਬੈਂਕਾਂ ਤੇ ਹੋਰ ਵਪਾਰਿਕ ਅਦਾਰਿਆਂ ਦੇ ਬਾਹਰ ਇਕ ਵਿਅਕਤੀ ਤਾਇਨਾਤ ਕੀਤਾ ਜਾਵੇ ਜਿਹੜਾ ਲਗਾਤਾਰ ਪਾਰਕਿੰਗ ਨੂੰ ਸੰਚਾਲਿਤ/ਨਿਯੰਤਰਤ ਕਰੇ ਤਾਂ ਜੋ ਆਮ ਜਨਤਾ ਨੂੰ ਕਿਸੇ ਤਰ੍ਹਾਂ ਦੀ ਅਸੁਵਿਧਾ ਨਾ ਹੋਵੇ। ਜ਼ਿਲ੍ਹਾ ਮੈਜਿਸਟ੍ਰੇਟ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਉਨ੍ਹਾਂ ਦੇ ਧਿਆਨ ਵਿੱਚ ਆਇਆ ਹੈ ਕਿ ਜ਼ਿਲ੍ਹਾ ਗੁਰਦਾਸਪੁਰ ਵਿਚ ਪੈਂਦੇ ਸਮੂਹ ਬੈਂਕਾਂ ਅਤੇ ਹੋਰ ਵਪਾਰਿਕ ਅਦਾਰਿਆਂ ਦੇ ਬਾਹਰ ਪਾਰਕਿੰਗ ਦੀ ਜਗ੍ਹਾ ਦੀ ਘਾਟ ਹੈ, ਜਿਸ ਕਾਰਨ ਇਹਨਾਂ ਅਦਾਰਿਆਂ ਦੇ ਬਾਹਰ ਵਹੀਕਲ ਬੇਤਰਤੀਬੇ ਖੜੇ ਹੋਣ ਕਾਰਨ ਟ੍ਰੈਫਿਕ ਦੀ ਸਮੱਸਿਆ ਬਣੀ ਰਹਿੰਦੀ ਹੈ ਅਤੇ ਆਮ ਜਨਤਾ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਬੈਂਕਾਂ ਤੇ ਵਪਾਰਕ ਅਦਾਰਿਆਂ ਦੇ ਬਾਹਰ ਟਰੈਫਿਕ ਨੂੰ ਸੰਚਾਲਿਤ ਕਰਨ ਲਈ ਉਪਰੋਕਤ ਹੁਕਮਾਂ ਦੀ ਤੁਰੰਤ ਪਾਲਣਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਸਬੰਧਤਾਂ ਵਲੋਂ ਇਨ੍ਹਾਂ ਹੁਕਮਾਂ ਦੀ ਪਾਲਣਾ ਨਹੀਂ ਕੀਤੀ ਗਈ ਤਾਂ ਉਨ੍ਹਾਂ ਦੇ ਖਿਲਾਫ ਸੀਆਰਪੀਸੀ. 1973 ਦੇ ਸੈਕਸ਼ਨ 133 ਤਹਿਤ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਦੱਸਣਯੋਗ ਹੈ ਕਿ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਪਹਿਲਾਂ ਹੀ ਜ਼ਿਲ੍ਹੇ ਦੇ ਸਮੂਹ ਦੁਕਾਨਦਾਰਾਂ ਤੇ ਹੋਰ ਵਪਾਰਿਕ ਅਦਾਰਿਆਂ ਦੇ ਪ੍ਰਬੰਧਕਾਂ ਨੂੰ ਹਦਾਇਤ ਕੀਤੀ ਜਾ ਚੁੱਕੀ ਹੈ ਕਿ 10 ਜਨਵਰੀ 2023 ਤੋਂ ਪਹਿਲਾਂ-ਪਹਿਲਾਂ ਸੜਕਾਂ ਕਿਨਾਰੇ ਆਪਣੇ ਨਜ਼ਾਇਜ ਕਬਜ਼ੇ ਹਟਾ ਲੈਣ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅਜਿਹੇ ਨਜਾਇਜ਼ ਕਬਜ਼ੇ ਹਟਾਉਣ ਲਈ ਇੱਕ ਵਿਸ਼ੇਸ਼ ਮੁਹਿੰਮ 10 ਜਨਵਰੀ ਤੋਂ ਸ਼ੁਰੂ ਕੀਤੀ ਜਾ ਰਹੀ ਹੈ ਜਿਸ ਤਹਿਤ ਜਿਥੇ ਸੜਕਾਂ ਕਿਨਾਰੇ ਰੱਖਿਆ ਸਮਾਨ ਜ਼ਬਤ ਕੀਤਾ ਜਾਵੇਗਾ, ਨਾਲ ਹੀ ਸੀਆਰਪੀਸੀ 1973 ਦੇ ਸੈਕਸ਼ਨ 133 ਤਹਿਤ ਕਾਨੂੰਨੀ ਕਾਰਵਾਈ ਵੀ ਕੀਤੀ ਜਾਵੇਗੀ।

ਅੱਡਾ ਝਬਾਲ ਦੀ ਟ੍ਰੈਫਿਕ ਸਮੱਸਿਆ ਤੋਂ ਇਲਾਕਾ ਵਾਸੀ ਪ੍ਰੇਸ਼ਾਨ

ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)- ਅੱਡਾ ਝਬਾਲ ਦੀ ਟ੍ਰੈਫਿਕ ਸਮੱਸਿਆ ਦਾ ਕੋਈ ਵੀ ਠੋਸ ਹੱਲ ਨਹੀਂ ਹੋ ਸਕਿਆ। ਇੱਥੇ ਜਾਮ ਲੱਗਣ ਕਾਰਨ ਹੀ ਲੋਕ ਪਿੰਡਾਂ ਵਿੱਚੋਂ ਹੀ ਸਮਾਨ ਖ਼ਰੀਦਣ ਨੂੰ ਤਰਜੀਹ ਦੇ ਰਹੇ ਹਨ ਕਿਉਂਕਿ ਜ਼ਿਲ੍ਹਾ ਪੁਲਸ ਵਲੋਂ ਇੱਥੇ ਸਿਰਫ ਦੋ ਹੀ ਮੁਲਾਜ਼ਮ ਤਾਇਨਾਤ ਕੀਤੇ ਹੋਏ ਹਨ ਤੇ ਉਹ ਵੀ ਹਰ ਰੋਜ਼ ਬਦਲ ਦਿੱਤੇ ਜਾਂਦੇ ਹਨ ਜਿਸ ਕਾਰਨ ਉਹ ਮੁਲਾਜ਼ਮ ਸਿਰਫ ਆਪਣੀ ਡਿਊਟੀ ਪੂਰੀ ਕਰਨ ਹੀ ਆਉਂਦੇ ਹਨ, ਕਿਸੇ ਨੂੰ ਇਹ ਨਹੀਂ ਕਹੀਦੇ ਕਿ ਸਮਾਨ ਪਿੱਛੇ ਕਰ ਲਵੋ ਜਾਂ ਚੁੱਕ ਲਵੋ। ਬੱਸ ਸਾਰਾ ਦਿਨ ਕਦੀ ਕਿਤੇ ਤੇ ਕਦੀ ਕਿਤੇ ਬੈਠ ਕੇ ਆਪਣੀ ਡਿਊਟੀ ਪੂਰੀ ਕਰਕੇ ਸ਼ਾਮ ਨੂੰ ਆਪਣੇ ਘਰ ਚਲੇ ਜਾਂਦੇ ਹਨ। ਇੱਥੇ ਸਭ ਤੋਂ ਜ਼ਿਆਦਾ ਜਾਮ ਲੱਗਦਾ ਹੈ ਅਟਾਰੀ ਰੋਡ 'ਤੇ ਕਿਉਂਕਿ ਇੱਥੋਂ ਅਟਾਰੀ ਜਾਣ ਵਾਲੇ ਟਰੱਕ ਅੱਡੇ ਵਿੱਚੋਂ ਲੰਘਦੇ ਹਨ ਤੇ ਵੱਡੇ ਟਰਾਲੇ ਇੱਥੇ ਫਸ ਜਾਂਦੇ ਹਨ ਅਤੇ ਇਸ ਰੋਡ 'ਤੇ ਕੁਝ ਮੋਹਤਬਰ ਦੁਕਾਨਦਾਰਾਂ ਵਲੋਂ ਆਪਣੀਆਂ ਦੁਕਾਨਾਂ ਦਾ ਸਮਾਨ ਵੀ ਤਕਰੀਬਨ ਚਿੱਟੀ ਲਾਈਨ ਤੱਕ ਰੱਖਿਆ ਹੁੰਦਾ ਹੈ ਅਤੇ ਉਸ ਤੋਂ ਅੱਗੇ ਰੇਹੜੀ ਵਾਲਿਆਂ ਨੇ ਰੇਹੜੀਆਂ ਖੜੀਆਂ ਕਰਕੇ ਸਬਜ਼ੀ, ਫਲ ਆਦਿ ਵੇਚਦੇ ਹਨ। ਕੁੱਝ ਭਰੋਸੇਯੋਗ ਸੂਤਰਾਂ ਮੁਤਾਬਿਕ ਪੱਕੀਆਂ ਦੁਕਾਨਾਂ ਵਾਲੇ ਆਪਣੀ ਦੁਕਾਨ ਅੱਗੇ ਰੇਹੜੀ ਲਗਵਾਉਣ ਦਾ ਕਿਰਾਇਆ ਵੀ ਲੈਂਦੇ ਹਨ। ਜਗ੍ਹਾ ਸੜਕ ਦੀ ਤੇ ਕਿਰਾਇਆ ਦੁਕਾਨਦਾਰ ਦਾ। ਕੁੱਝ ਦਿਨ ਪਹਿਲਾਂ ਤਰਨਤਾਰਨ ਦੇ ਸਰਹਾਲੀ ਥਾਣੇ 'ਤੇ ਆਰਪੀਜੀ ਅਟੈਕ ਹੋਣ ਤੋਂ ਬਾਅਦ ਜ਼ਿਲ੍ਹਾ ਪੁਲਸ ਵਲੋਂ ਅੱਡਾ ਝਬਾਲ ਅਤੇ ਜਿਨ੍ਹਾਂ ਥਾਣੇ ਦੀ ਚਾਰਦੀਵਾਰੀ ਨਾਲ ਕੀਤੇ ਹੋਏ ਨਜਾਇਜ਼ ਕਬਜ਼ੇ ਕੀਤੇ ਹੋਏ ਹਨ ਉਨ੍ਹਾਂ ਨੂੰ ਇੱਕ ਹਫਤੇ ਦਾ ਸਮਾਂ ਦਿੱਤਾ ਸੀ ਕਿ ਥਾਣੇ ਦੀ ਚਾਰਦੀਵਾਰੀ ਖਾਲੀ ਕਰ ਦਿੱਤੀ ਜਾਵੇ ਪਰ ਹੁਣ ਤਕਰੀਬਨ ਦੋ ਮਹੀਨੇ ਦਾ ਸਮਾਂ ਨਿਕਲ ਜਾਣ ਦੇ ਬਾਵਜੂਦ ਵੀ ਥਾਣੇ ਦੀ ਚਾਰਦੀਵਾਰੀ ਖਾਲੀ ਨਹੀਂ ਕੀਤੀ ਗਈ। ਇਸ ਸਬੰਧ ਵਿੱਚ ਜਦ ਡੀਐੱਸਪੀ (ਸਿਟੀ) ਜਸਪਾਲ ਸਿੰਘ ਢਿੱਲੋਂ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਜਿੰਨਾ ਚਿਰ ਦੁਕਾਨਦਾਰ ਆਪਣਾ ਸਮਾਨ ਆਪਣੀ ਹੱਦ ਵਿੱਚ ਨਹੀਂ ਰੱਖਦੇ ਉਨਾ ਚਿਰ ਟ੍ਰੈਫਿਕ ਦਾ ਹੱਲ ਨਹੀਂ ਕੀਤਾ ਜਾ ਸਕਦਾ ਤੇ ਇਸ 'ਤੇ ਅਸੀਂ ਜਲਦੀ ਹੀ ਕਾਰਵਾਈ ਕਰ ਰਹੇ ਹਾਂ ਅਤੇ ਟ੍ਰੈਫਿਕ ਸਮੱਸਿਆ ਬਾਰੇ ਜ਼ਿਲ੍ਹਾ ਟ੍ਰੈਫਿਕ ਇੰਚਾਰਜ ਇੰਸ ਬਲਜੀਤ ਸਿੰਘ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਅਸੀਂ ਆਪਣੇ ਟ੍ਰੈਫਿਕ ਮੁਲਾਜ਼ਮਾਂ ਨੂੰ ਸਖਤੀ ਨਾਲ ਹੁਕਮ ਜਾਰੀ ਕਰਾਂਗੇ ਕਿ ਸੜਕ ਤੇ ਖੜ੍ਹੀਆਂ ਗੱਡੀਆਂ ਦੇ ਚਲਾਨ ਕੀਤੇ ਜਾਣ ਤੇ ਜੇਕਰ ਕੋਈ ਦੁਕਾਨਦਾਰ ਪੁਲਸ ਦੇ ਕੰਮ ਵਿੱਚ ਦਖਲ ਦੇਵੇਗਾ ਉਸ 'ਤੇ ਵੀ ਬਣਦੀ ਕਾਰਵਾਈ ਕੀਤੀ ਜਾਵੇਗੀ।

ਖਾਲਸਾ ਕਾਲਜ ਸਰਹਾਲੀ ਕਲਾਂ ਦੇ ਬੱਚਿਆਂ ਵੱਲੋਂ ਹਰੀਕੇ ਝੀਲ ਦਾ ਦੌਰਾ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸਰਹਾਲੀ ਕਲਾਂ 'ਚ ਐੱਨਐੱਸਐੱਸ ਦੇ ਵਿਦਿਆਰਥੀਆਂ ਨੇ ਉੱਤਰੀ ਭਾਰਤ ਦੀ ਸਭ ਤੋਂ ਵੱਡੀ ਹਰੀਕੇ ਝੀਲ ਦਾ ਦੌਰਾ ਕੀਤਾ ਅਤੇ ਪੰਛੀਆਂ ਦੇ ਰੈਣ ਬਸੇਰੇ, ਰੱਖ ਰਖਾਉ, ਮੌਸਮ ਅਤੇ ਵਾਤਾਵਰਣ ਸਬੰਧੀ ਜਾਣਕਾਰੀ ਹਾਸਲ ਕੀਤੀ। ਸੰਸਥਾ ਦੇ ਪ੍ਰਿੰਸੀਪਲ ਜਸਬੀਰ ਸਿੰਘ ਗਿੱਲ ਦੀ ਅਗਵਾਈ ਵਿੱਚ ਲਗਾਏ ਇਸ ਟੂਰ ਵਿੱਚ 60 ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ ਜਿਨ੍ਹਾਂ ਨੂੰ ਜੰਗਲੀ ਜੀਵ ਅਤੇ ਵਣ ਸੁਰੱਖਿਆ ਵਿਭਾਗ ਦੇ ਰੇਂਜ ਅਫਸਰ ਕਮਲਜੀਤ ਸਿੰਘ ਸਿੱਧੂ ਨੇ ਜੀ ਆਇਆਂ ਆਖਿਆ। ਐੱਨਐੱਸਐੱਸ ਦੇ ਇੰਚਾਰਜ ਬਲਵਿੰਦਰ ਸਿੰਘ ਅਤੇ ਪ੍ਰੋਫੈਸਰ ਗੁਰਜੰਟ ਸਿੰਘ ਨੇ ਦੱਸਿਆ ਕਿ ਸੰਸਥਾ ਵੱਲੋ ਬੱਚਿਆਂ ਨੂੰ ਕਿਤਾਬੀ ਗਿਆਨ ਦੇ ਨਾਲ ਨਾਲ ਨੇੜਲੇ ਕੁਦਰਤੀ ਸਰੋਤਾਂ ਨਾਲ ਸਾਂਝ ਬਣਾਉਣੀ, ਵਾਤਾਵਰਣ ਮੁਤਾਬਿਕ ਜਲਚਰ ਜੀਵਾਂ ਤੇ ਪੰਛੀਆਂ ਦੇ ਰਹਿਣ ਸਹਿਣ ਸਬੰਧੀ ਮੁਕੰਮਲ ਗਿਆਨ ਦੇਣ ਲਈ ਲਗਾਇਆ ਇਹ ਟੂਰ ਬਿਲਕੁਲ ਸਫਲ ਰਿਹਾ। ਰਾਮਸਰ ਸਾਇਟ ਮੁਤਾਬਿਕ ਦੁਨੀਆਂ ਦੀਆਂ ਸੱਤ ਵਿਲੱਖਣ ਥਾਵਾਂ ਵਿੱਚ ਆਉਦੀ ਹਰੀਕੇ ਝੀਲ ਦੇ ਕੁਦਰਤੀ ਨਜ਼ਾਰਿਆਂ ਨੂੰ ਵਿਦਿਆਰਥੀਆਂ ਨੇ ਖੂਬ ਮਾਣਿਆ ਜਿਨ੍ਹਾਂ ਦੇ ਚੇਤਿਆਂ ਵਿੱਚ ਇਹ ਟੂਰ ਮੀਲਪੱਥਰ ਸਾਬਿਤ ਹੋਵੇਗਾ। ਪ੍ਰਿੰਸੀਪਲ ਜਸਬੀਰ ਸਿੰਘ ਗਿੱਲ ਨੇ ਦੱਸਿਆ ਕਿ ਬੱਚਿਆਂ ਦੀ ਕੁਦਰਤ ਨਾਲ ਸਾਂਝ ਦੇ ਮਕਸਦ ਨਾਲ ਕਈ ਟੂਰ ਪਹਿਲਾਂ ਵੀ ਲਗਾਏ ਗਏ ਹਨ।

ਉਨ੍ਹਾਂ ਦੱਸਿਆ ਕਿ ਹਰੀਕੇ ਦੇ ਟੂਰ ਦੌਰਾਨ ਵਿਦੇਸ਼ੀ ਮਹਿਮਾਨ ਪੰਛੀਆਂ ਦੀਆਂ ਕਿਸਮਾਂ, ਗਿਣਤੀ ਅਤੇ ਯੂਰਪੀ ਦੇਸ਼ਾਂ ਤੋਂ ਆਉਣ ਦੀ ਗਾਥਾ ਸੁਣ ਕੇ ਬੱਚੇ ਬਾਗੋਬਾਗ ਦਿਖਾਈ ਦਿੱਤੇ।

ਸਰਦਾਰਨੀ ਕੇਸਰ ਕੌਰ ਨੂੰ ਸ਼ਰਧਾਂਜਲੀਆਂ ਭੇਟ

ਚੋਹਲਾ ਸਾਹਿਬ (ਰਮਨ ਚੱਢਾ)-ਇਥੋਂ ਨਜ਼ਦੀਕੀ ਪਿੰਡ ਘੜਕਾ ਵਿਖੇ ਆਮ ਆਦਮੀ ਪਾਰਟੀ ਦੇ ਆਗੂ ਹਰਜਿੰਦਰ ਸਿੰਘ ਬੱਬੂ ਫੋਟੋ ਸਟੂਡੀਓ ਅਤੇ ਬਲਦੇਵ ਸਿੰਘ ਦੇ ਦਾਦੀ ਸਰਦਾਰਨੀ ਕੇਸਰ ਕੌਰ ਜੋ ਕਿ ਪਿਛਲੇ ਦਿਨੀਂ ਸੰਖੇਪ ਬਿਮਾਰੀ ਕਾਰਨ ਸਵਰਗ ਸਿਧਾਰ ਗਏ ਸਨ, ਦੇ ਗ੍ਰਹਿ ਵਿਖੇ ਪਰਿਵਾਰਕ ਮੈਂਬਰਾਂ ਵੱਲੋਂ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਸਮੇਂ ਵੱਖ-ਵੱਖ ਸਿਆਸੀ ਅਤੇ ਧਾਰਮਿਕ ਆਗੂਆਂ ਵੱਲੋਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਇਸ ਸਮੇਂ ਆਮ ਆਦਮੀ ਪਾਰਟੀ ਆਗੂ ਅਤੇ ਬਿਜਲੀ ਇੰਚਾਰਜ ਚੇਅਰਮੈਨ ਦਇਆ ਸਿੰਘ ਚੋਹਲਾ ਸਾਹਿਬ, ਹੌਲਦਾਰ ਹਰਬੰਸ ਸਿੰਘ ਫੌਜੀ, ਮਨਜਿੰਦਰ ਸਿੰਘ ਪ੍ਰਧਾਨ, ਬਲਦੇਵ ਸਿੰਘ, ਕਾਰਜ ਸਿੰਘ ਗ੍ਰੰਥੀ, ਅਮਰੀਕ ਸਿੰਘ ਖੂਹ ਵਾਲੇ ਅਤੇ ਡਾਕਟਰ ਇੰਦਰਜੀਤ ਸਿੰਘ ਪ੍ਰੈੱਸ ਸਕੱਤਰ ਆਦਿ ਨੇ ਮਾਤਾ ਕੇਸਰ ਕੌਰ ਨੂੰ ਸ਼ਰਧਾ ਸੁਮਨ ਭੇਟ ਕੀਤੇ।

ਨਸ਼ੀਲੀਆਂ ਗੋਲੀਆਂ ਸਮੇਤ ਮੁਲਜ਼ਮ ਗ੍ਰਿਫ਼ਤਾਰ

ਗੁਰਦਾਸਪੁਰ (ਜਨਕ ਮਹਾਜਨ)-ਪੁਲਸ ਥਾਣਾ ਦੀਨਾਨਗਰ ਦੇ ਏਐੱਸਆਈ ਵੱਲੋਂ ਯੂਸਫ ਸਮੀਹ ਸਮੇਤ ਪੁਲਸ ਪਾਰਟੀ ਮਾੜੇ ਅਨਸਰਾਂ ਦੀ ਤਲਾਸ਼ ਵਿਚ ਪੁਲੀ ਡੀਡਾ ਸਾਂਸੀਆਂ ਵਿਖੇ ਨਾਕਾ ਲਗਾਇਆ ਹੋਇਆ ਸੀ। ਇਸ ਦੌਰਾਨ ਇਕ ਸ਼ੱਕੀ ਵਿਅਕਤੀ ਦੀ ਤਲਾਸ਼ੀ ਲਈ ਤਾਂ ਉਸ ਦੀ ਜੇਬ ਵਿਚੋਂ 1020 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਮੁਲਜ਼ਮ ਦੀ ਪਹਿਚਾਣ ਰਾਹੁਲ ਕੁਮਾਰ ਪੁੱਤਰ ਬਨਾਰਸੀ ਲਾਲ ਵਾਸੀ ਡੀਡਾ ਸਾਂਸੀਆਂ ਵਜੋਂ ਹੋਈ ਹੈ। ਉਕਤ ਮੁਲਜ਼ਮ ਦੇ ਖਿਲਾਫ ਮੁਕੱਦਮਾ ਨੰਬਰ 5, ਮਿਤੀ 6-1-2023 ਧਾਰਾ ਐੱਨਡੀਪੀਐੱਸ ਐਕਟ ਅਧੀਨ ਮਾਮਲਾ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ।

ਅੱਡਾ ਗਾਜ਼ੀਕੋਟ ਵਿਖੇ ਦੁੱਧ ਦੇ ਲੰਗਰ ਲਗਾਏ

ਗੁਰਦਾਸਪੁਰ (ਜਨਕ ਮਹਾਜਨ)-ਬਾਬਾ ਮੋਤੀ ਰਾਮ ਮਹਿਰਾ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਦੁੱਧ ਪਿਲਾਉਣ ਦੀ ਸੇਵਾ ਨਿਭਾਈ ਸੀ ਅਤੇ ਉਸੇ ਤਹਿਤ ਅੱਡਾ ਗਾਜ਼ੀਕੋਟ ਵਿਖੇ ਸਮੂਹ ਦੁਕਾਨਦਾਰਾਂ ਨੇ ਦੁੱਧ ਦੇ ਲੰਗਰ ਲਗਾ ਕੇ ਸੰਗਤਾਂ ਦੀ ਸੇਵਾ ਕੀਤੀ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਵਿਪਨ ਸਿੰਘ ਗਾਜ਼ੀਕੋਟ, ਬਲਜੀਤ ਸਿੰਘ, ਜਸਵਿੰਦਰ ਸਿੰਘ ਟੋਨਾ ਨੇ ਦੱਸਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਨੂੰ ਔਖੀ ਕੜੀ ਸਮੇਂ ਬਾਬਾ ਮੋਤੀ ਰਾਮ ਮਹਿਰਾ ਨੇ ਦੁੱਧ ਪਿਆ ਕੇ ਅਹਿਮ ਰੋਲ ਅਦਾ ਕੀਤਾ ਸੀ ਜਿਸ ਕਰਕੇ ਇਤਿਹਾਸ ਵਿਚ ਮੋਤੀ ਰਾਮ ਮਹਿਰਾ ਦਾ ਨਾਂਅ ਵੀ ਸਤਿਕਾਰ ਨਾਲ ਲਿਆ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਯਾਦ ਵਿਚ ਸਮੂਹ ਦੁਕਾਨਦਾਰਾਂ ਨੇ ਲੰਗਰ ਦੀ ਸੇਵਾ ਨਿਭਾਈ ਹੈ ਤਾਂ ਕਿ ਅੱਜ ਦੀ ਪੀੜ੍ਹੀ ਗੁਰੂਆਂ ਦੇ ਇਤਿਹਾਸ ਪ੍ਰਤੀ ਜਾਗਰੂਕ ਹੋ ਸਕੇ ।

ਭਾਰਤੀਯ ਅੰਬੇਡਕਰ ਮਿਸ਼ਨ ਦੀ ਸਾਲ 2023 ਲਈ ਤੀਸਰੀ ਸੂਚੀ ਜਾਰੀ

ਸੰਗਰੂਰ (ਪ੍ਰਵੀਨ ਸਿੰਘ)-ਭਾਰਤੀਯ ਅੰਬੇਡਕਰ ਮਿਸਨ ਦੇ ਮੁੱਖ ਸਰਪ੍ਰਸਤ ਪੂਨਮ ਕਾਂਗੜਾ ਦੀ ਅਨੁਮਤੀ ਨਾਲ ਮਿਸ਼ਨ ਦੇ ਕੌਮੀ ਪ੍ਰਧਾਨ ਦਰਸ਼ਨ ਸਿੰਘ ਕਾਂਗੜਾ ਵੱਲੋਂ ਸਾਲ 2023 ਲਈ ਭਾਰਤੀਯ ਅੰਬੇਡਕਰ ਮਿਸ਼ਨ ਦੀ ਤੀਸਰੀ ਸੂਚੀ ਜਾਰੀ ਕਰਦਿਆਂ ਪੰਜਾਬ ਦੇ 30 ਜ਼ਿਲ੍ਹਾ ਪ੍ਰਧਾਨਾਂ ਦੀ ਘੋਸ਼ਣਾ ਕੀਤੀ ਗਈ। ਜਿਸ ਵਿੱਚ ਸੁਖਪਾਲ ਸਿੰਘ ਭੰਮਾਬੱਦੀ (ਸੰਗਰੂਰ), ਕੇਵਲ ਸਿੰਘ ਬਾਠਾਂ (ਮਾਲੇਰਕੋਟਲਾ), ਗੁਰਪ੍ਰੀਤ ਸਿੰਘ ਕਲਾਲਮਾਜਰਾ (ਬਰਨਾਲਾ), ਹਰਸੁਖਜਿੰਦਰ ਪਾਲ ਸਿੰਘ (ਬਠਿੰਡਾ ਸ਼ਹਿਰੀ), ਜਰਨੈਲ ਸਿੰਘ ਸਰਪੰਚ ਬੱਲੂਆਣਾ (ਬਠਿੰਡਾ ਦਿਹਾਤੀ), ਰੰਗੀ ਰਾਮ (ਮਾਨਸਾ), ਗੁਰਸੇਵਕ ਸਿੰਘ ਮੈਂਬਰ ਜ਼ਿਲ੍ਹਾ ਪ੍ਰੀਸ਼ਦ (ਸ੍ਰੀ ਮੁਕਤਸਰ ਸਾਹਿਬ), ਗੁਰਦੇਵ ਸਿੰਘ (ਫਾਜ਼ਿਲਕਾ), ਰਾਜ ਕੁਮਾਰ ਗੁਰਹਰਸਾਏ (ਫਿਰੋਜ਼ਪੁਰ), ਕਮਲ ਕੁਮਾਰ ਬਾਗੜੀ ਜੈਤੋ (ਫਰੀਦਕੋਟ), ਤਰਸਪਾਲ ਸਿੰਘ ਸਰਪੰਚ ਲੋਹਾਰਾ (ਮੋਗਾ), ਨੇਹਾ ਚੰਨਾਲੀਆ (ਲੁਧਿਆਣਾ ਸ਼ਹਿਰੀ), ਜਗਦੀਸ਼ ਕੁਮਾਰ ਮੇਹਰਬਾਨ (ਲੁਧਿਆਣਾ), ਸਰਬਣ ਕੁਮਾਰ ਸਰਪੰਚ ਬ੍ਰਹਮਪੁਰ ਉਪਰਲਾ (ਰੋਪੜ) ਜਸਵਿੰਦਰ ਸਿੰਘ ਦਰਘੇੜੀ (ਸ੍ਰੀ ਫਤਹਿਗੜ੍ਹ ਸਾਹਿਬ), ਇੰਦਰਜੀਤ ਸਿੰਘ ਸਿੱਧੂ (ਨਵਾਂਸਹਿਰ), ਅਮਰਜੀਤ ਸਿੰਘ ਐਮ ਸੀ (ਹੁਸ਼ਿਆਰਪੁਰ ਸ਼ਹਿਰੀ) ਰਛਪਾਲ ਕਲੇਰ ਸਰਪੰਚ ਮੰਨਣਹਾਣਾ (ਹੁਸ਼ਿਆਰਪੁਰ ਦਿਹਾਤੀ), ਸੁਰੇਸ਼ ਕੁਮਾਰ (ਪਠਾਨਕੋਟ), ਲਲਿਤਾ ਕਮਲ (ਗੁਰਦਾਸਪੁਰ), ਪਰਮਦੀਪ ਸਿੰਘ (ਸ੍ਰੀ ਅੰਮ੍ਰਿਤਸਰ ਸਹਿਬ ਸ਼ਹਿਰੀ), ਡਾ. ਸਰਨਜੀਤ ਸਿੰਘ ਖੈਰਾਬਾਦ (ਸ੍ਰੀ ਅੰਮ੍ਰਿਤਸਰ ਸਾਹਿਬ ਦਿਹਾਤੀ), ਗੁਰਮੇਲ ਸਿੰਘ ਸਰਪੰਚ (ਤਰਨਤਾਰਨ), ਦਵਿੰਦਰ ਪਾਲ ਖਰੜ (ਐਸ ਏ ਐਸ ਨਗਰ, ਮੁਹਾਲੀ), ਮਨਜੀਤ ਸਿੰਘ ਗਿੱਲ (ਕਪੂਰਥਲਾ), ਸੁਭਾਸ਼ ਡਲਹੌਤਰਾ (ਜਲੰਧਰ ਸ਼ਹਿਰੀ) ਅਮਰੀਕ ਸਿੰਘ ਕੇ ਪੀ (ਜਲੰਧਰ ਦਿਹਾਤੀ), ਦਲਜੀਤ ਸਿੰਘ ਜੌਮਾਲੀ ਖੁਰਦ (ਖੰਨਾ), ਵਿਜੇ ਕੁਮਾਰ ਭੋਲਾ (ਪਟਿਆਲਾ ਦਿਹਾਤੀ) ਅਤੇ ਯਾਦਵਿੰਦਰ ਸਿੰਘ ਨੂੰ ਜ਼ਿਲ੍ਹਾ ਪ੍ਰਧਾਨ (ਪਟਿਆਲਾ ਸ਼ਹਿਰੀ) ਨਿਯੁਕਤ ਕੀਤਾ ਗਿਆ ।

Court Notice

In the Court of Sh. Ravinder Singh Rana
Civil

8-JAN-PAGE- 7.qxd 1/7/2023 10:21 PM Page 1

ਕਿਸਾਨ-ਮਜ਼ਦੂਰ ਜਥੇਬੰਦੀ ਵੱਲੋਂ ਸੰਘਰਸ਼ ਨੂੰ ਹੋਰ ਤਿੱਖਾ ਕਰਨ ਦਾ ਸੱਦਾ

ਤਰਨਤਾਰਨ (ਪ੍ਰਿਤਪਾਲ ਸਿੰਘ)-ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਤਰਨਤਾਰਨ ਡੀਸੀ ਦਫਤਰ ਅੱਗੇ ਲੱਗੇ ਮੋਰਚੇ 42ਵੇਂ ਦਿਨ ਵਿੱਚ ਅਤੇ ਟੋਲ ਪਲਾਜ਼ਿਆਂ 'ਤੇ ਧਰਨੇ 23ਵੇਂ ਦਿਨ ਵਿੱਚ ਚੜ੍ਹਦੀ ਕਲਾ ਨਾਲ ਜਾਰੀ ਹਨ। ਹੱਡ ਚੀਰਵੀਂ ਠੰਡ ਵਿੱਚ ਲੱਗੇ ਮੋਰਚਿਆਂ ਨੂੰ ਸੰਬੋਧਨ ਕਰਦਿਆਂ ਸੂਬਾ ਆਗੂ ਹਰਪ੍ਰੀਤ ਸਿੰਘ ਸਿੱਧਵਾਂ, ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ, ਹਰਜਿੰਦਰ ਸਿੰਘ ਸ਼ਕਰੀ, ਰੇਸ਼ਮ ਸਿੰਘ ਘੁਰਕਵਿੰਡ, ਫਤਿਹ ਸਿੰਘ ਪਿੱਦੀ ਨੇ ਕਿਹਾ ਕਿ ਅੱਜ ਸਮਾਜ ਵਿਚ ਬਹੁਤ ਟੁੱਟ-ਭੱਜ, ਨਿਰਾਸ਼ਤਾ, ਵਹਿਮ-ਭਰਮ, ਊਚ-ਨੀਚ, ਭ੍ਰਿਸ਼ਟਾਚਾਰ, ਬੇਰੋਜ਼ਗਾਰੀ, ਜਾਤ-ਪਾਤ, ਕਰਮਕਾਂਡ, ਨਸ਼ੇ ਆਦਿ ਸਮਾਜਿਕ ਬੁਰਾਈਆਂ ਨੇ ਸਮਾਜ ਨੂੰ ਖੋਖਲਾ ਕਰ ਦਿੱਤਾ ਹੈ। ਇਨ੍ਹਾਂ ਸਭ ਬੁਰਾਈਆਂ ਦੀ ਜੜ੍ਹ ਪੁੱਟਣ ਲਈ ਸਮਾਜ ਅੰਦਰ ਵੱਸਦੇ ਹਰ ਇਕ ਸ਼੍ਰੇਣੀ ਦੇ ਨਾਗਰਿਕ ਨੂੰ ਜਥੇਬੰਦਕ ਹੋਣ ਦਾ ਸੱਦਾ ਦਿੱਤਾ ਅਤੇ ਲੁਟੇਰੇ ਹਾਕਮਾਂ, ਕਾਰਪੋਰੇਟਾਂ, ਨਸ਼ਾ ਮਾਫੀਏ ਤੇ ਭ੍ਰਿਸ਼ਟ ਅਫਸਰਸ਼ਾਹੀ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਨਸ਼ਾ ਮਾਫੀਏ ਨੂੰ ਮੌਜੂਦਾ ਪੰਜਾਬ ਤੇ ਕੇਂਦਰ ਸਰਕਾਰ ਨੱਥ ਨਹੀਂ ਪਾਵੇਗੀ, ਕਿਉਂਕਿ ਉਹ ਹੀ ਤਾਂ ਇਨ੍ਹਾਂ ਨਾਲ ਗਠਜੋੜ ਕਰਕੇ ਨਸ਼ੇ ਵਿਕਾ ਰਹੇ ਹਨ ਤੇ ਨੌਜਵਾਨਾਂ ਦੀਆਂ ਜ਼ਿੰਦਗੀਆਂ ਨਾਲ ਖੇਡ ਕੇ ਕਰੋੜਾਂ ਕਮਾ ਰਹੇ ਹਨ। ਕਿਸਾਨ ਆਗੂਆਂ ਨੇ ਐਲਾਨ ਕੀਤਾ ਕਿ ਨਸ਼ੇ ਤੇ ਹੋਰ ਸਮਾਜਿਕ ਬੁਰਾਈਆਂ ਦਾ ਕੋਹੜ ਵੱਢਣ ਲਈ ਕਿਸਾਨਾਂ, ਮਜ਼ਦੂਰਾਂ, ਨੌਜਵਾਨਾਂ, ਬੀਬੀਆਂ ਆਦਿਕ ਵਰਗਾਂ ਨੂੰ ਸਾਰੇ ਪਿੰਡਾਂ ਵਿੱਚ ਜਥੇਬੰਦ ਕਰਕੇ ਇਨ੍ਹਾਂ ਵਿਚੋਂ ਉਸਾਰੂ ਸੋਚ ਵਾਲੇ ਆਗੂ ਪੈਦਾ ਕਰਕੇ ਪਿੰਡ-ਪਿੰਡ ਨਸ਼ਾ ਮਾਫੀਏ ਦੇ ਖਿਲਾਫ ਜੰਗ ਵਿੱਢੀ ਜਾਵੇਗੀ ਤੇ ਪਿੰਡ ਵਿਚੋਂ ਧੜੇਬੰਦੀ ਖਤਮ ਕਰਕੇ ਲੜਾਈ-ਝਗੜੇ ਤੇ ਹੋਰ ਸਮਾਜਿਕ ਕੁਰੀਤੀਆਂ ਖਤਮ ਕੀਤੀਆਂ ਜਾਣਗੀਆਂ। ਪਿੰਡਾਂ ਦੇ ਲੋਕਾਂ ਦੀ ਆਪਸੀ ਸਾਂਝ ਦੀ ਤਾਕਤ ਨਵਾਂ ਇਤਿਹਾਸ ਲਿਖੇਗੀ। ਇਸ ਮੌਕੇ ਮੇਹਰ ਸਿੰਘ ਤਲਵੰਡੀ, ਸੁਖਵਿੰਦਰ ਸਿੰਘ ਦੁੱਗਲਵਾਲਾ, ਦਿਲਬਾਗ ਸਿੰਘ ਪਹੂਵਿੰਡ, ਨਿਰੰਜਣ ਸਿੰਘ ਬਰਗਾੜੀ, ਗੁਰਭੇਜ ਸਿੰਘ ਧਾਰੀਵਾਲ, ਸੁਖਦੇਵ ਸਿੰਘ ਦੁੱਬਲੀ, ਸੁੱਚਾ ਸਿੰਘ ਵੀਰਮ, ਬਲਜਿੰਦਰ ਸਿੰਘ ਸ਼ੇਰੋਂ, ਤਜਿੰਦਰਪਾਲ ਸਿੰਘ ਰਸੂਲਪੁਰ, ਰੂਪ ਸਿੰਘ ਸੈਦੋ, ਬਿਕਰਮਜੀਤ ਸਿੰਘ ਜੌੜਾ, ਫਤਿਹ ਸਿੰਘ ਵਲੰਟੀਅਰ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ।

ਚਾਈਨਾ ਡੋਰ ਦੀ ਵਿਕਰੀ ਤੇ ਵਰਤੋਂ ਨੂੰ ਰੋਕਣ ਲਈ ਪ੍ਰਸ਼ਾਸਨ ਨੇ ਵਧਾਈ ਚੌਕਸੀ

ਗੁਰਦਾਸਪੁਰ, (ਜਨਕ ਮਹਾਜਨ)-ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਨੇ ਚਾਈਨਾ ਡੋਰ ਦੀ ਵਿਕਰੀ ਨੂੰ ਰੋਕਣ ਲਈ ਗਠਿਤ ਕੀਤੀਆਂ ਨਿਗਰਾਨ ਟੀਮਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਉਹ ਜ਼ਿਲ੍ਹੇ ਵਿੱਚ ਪਾਬੰਦੀਸ਼ੁਦਾ ਡੋਰ ਦੀ ਵਿਕਰੀ ਤੇ ਵਰਤੋਂ ਨੂੰ ਰੋਕਣ ਲਈ ਛਾਪੇਮਾਰੀ ਮੁਹਿੰਮ ਵਿੱਚ ਹੋਰ ਤੇਜ਼ੀ ਲਿਆਉਣ। ਉਨ੍ਹਾਂ ਕਿਹਾ ਕਿ ਲੋਹੜੀ ਵਿੱਚ ਸਿਰਫ ਇੱਕ ਹਫਤਾ ਬਾਕੀ ਰਹਿ ਗਿਆ ਹੈ ਅਤੇ ਇਸ ਹਫ਼ਤੇ ਦੌਰਾਨ ਬੱਚਿਆਂ ਤੇ ਨੌਜਵਾਨਾਂ ਵੱਲੋਂ ਵੱਡੀ ਗਿਣਤੀ ਵਿੱਚ ਪਤੰਗਾਂ ਉਡਾਈਆਂ ਜਾਣਗੀਆਂ। ਇਸ ਲਈ ਚਾਈਨਾ ਡੋਰ ਦੀ ਵਰਤੋਂ ਤੇ ਵਿਕਰੀ ਨੂੰ ਰੋਕਣ ਲਈ ਪ੍ਰਸ਼ਾਸਨ ਦੀਆਂ ਟੀਮਾਂ ਵੱਲੋਂ ਹੋਰ ਜ਼ਿਆਦਾ ਚੌਕਸੀ ਤੇ ਸਖਤੀ ਵਰਤੀ ਜਾਵੇ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਦੇ ਚੈਕਿੰਗ ਅਭਿਆਨ ਤੋਂ ਬਾਅਦ ਹੋ ਸਕਦਾ ਹੈ ਕਿ ਕੁਝ ਦੁਕਾਨਦਾਰ ਚੋਰੀ ਛਿਪੇ ਆਪਣੇ ਘਰਾਂ ਜਾਂ ਹੋਰ ਗੁਪਤ ਟਿਕਾਣਿਆਂ ਤੋਂ ਚਾਈਨਾ/ਪਲਾਸਟਿਕ ਡੋਰ ਵੇਚ ਰਹੇ ਹੋਣ, ਇਸ ਲਈ ਚੈਕਿੰਗ ਟੀਮਾਂ ਵੱਲੋਂ ਅਜਿਹੇ ਦੁਕਾਨਦਾਰਾਂ ਦਾ ਪਤਾ ਵੀ ਲਗਾ ਕੇ ਉਨ੍ਹਾਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਪੁਲਿਸ ਵਿਭਾਗ ਦੇ ਸਹਿਯੋਗ ਨਾਲ ਬਜ਼ਾਰਾਂ ਵਿੱਚ ਵਾਹਨਾਂ ਦੀ ਤਲਾਸ਼ੀ ਕੀਤੀ ਜਾਵੇ ਅਤੇ ਨਾਲ ਹੀ ਬੱਚਿਆਂ ਕੋਲੋਂ ਚਾਈਨਾ ਡੋਰ ਦੀ ਉਪਲੱਬਤਾ ਬਾਰੇ ਜਾਣਕਾਰੀ ਹਾਸਲ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਬੱਚੇ ਕੋਲ ਪਿਛਲੇ ਸਾਲ ਦਾ ਚਾਈਨਾ ਡੋਰ ਦਾ ਗੱਟੂ ਪਿਆ ਹੈ ਤਾਂ ਉਹ ਗੁਰਦਾਸਪੁਰ ਸ਼ਹਿਰ ਦੇ ਬਾਲ ਭਵਨ ਅਤੇ ਨਗਰ ਨਿਗਮ ਬਟਾਲਾ ਦੇ ਦਫ਼ਤਰ ਤੋਂ ਚਾਈਨਾ ਡੋਰ ਨੂੰ ਵਟਾ ਕੇ ਸੂਤੀ ਡੋਰ ਤੇ ਪਤੰਗਾਂ ਮੁਫ਼ਤ ਵਿੱਚ ਲਿਜਾ ਸਕਦਾ ਹੈ। ਡੀਸੀ ਨੇ ਕਿਹਾ ਕਿ ਪਲਾਸਟਿਕ/ਚਾਈਨਾ ਡੋਰ ਵੇਚਣ ਵਾਲੇ ਦੁਕਾਨਦਾਰ ਜਾਂ ਇਸਦੀ ਵਰਤੋਂ ਕਰਨ ਵਾਲੇ ਵਿਅਕਤੀ ਦੀ ਸੂਚਨਾ ਦੇਣ ਲਈ ਜ਼ਿਲ੍ਹਾ ਪੱਧਰੀ ਹੈਲਪ ਲਾਈਨ ਗੁਰਦਾਸਪੁਰ ਵਿਖੇ 01874-222710 ਅਤੇ ਬਟਾਲਾ ਸ਼ਹਿਰ ਵਿਖੇ 01871-299330 ਹੈਲਪ ਲਾਈਨ ਨੰਬਰ 'ਤੇ ਸੰਪਰਕ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸੂਚਨਾ ਦੇਣ ਵਾਲੇ ਵਿਅਕਤੀ ਦਾ ਨਾਮ ਤੇ ਪਤਾ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਵੇਗਾ।

7ਵੀਂ ਸ਼੍ਰੇਣੀ ਤੱਕ ਦੇ ਵਿਦਿਆਰਥੀਆਂ ਨੂੰ 14 ਤੱਕ ਛੁੱਟੀਆਂ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਸੂਬੇ ਵਿੱਚ ਪੈ ਰਹੀ ਸਖਤ ਠੰਡ ਅਤੇ ਧੁੰਦ ਨੂੰ ਦੇਖਦੇ ਹੋਏ ਪੰਜਾਬ ਸਰਕਾਰ ਵੱਲੋਂ ਇਸ ਵਾਰ ਸੱਤਵੀਂ ਸ਼੍ਰੇਣੀ ਤੱਕ ਦੇ ਵਿਦਿਆਰਥੀਆਂ ਨੂੰ 14 ਜਨਵਰੀ ਤੱਕ ਛੁੱਟੀਆਂ ਦਾ ਐਲਾਨ ਕੀਤਾ ਹੈ ਜਦਕਿ ਅੱਠਵੀਂ ਤੋਂ ਬਾਰ੍ਹਵੀਂ ਤੱਕ ਦੇ ਵਿਦਿਆਰਥੀ ਅਤੇ ਸਮੂਹ ਸਟਾਫ 9 ਜਨਵਰੀ ਤੋਂ ਸਕੂਲ ਆਉਣਗੇ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰ:/ਐਲੀ:) ਅਮਰਜੀਤ ਸਿੰਘ ਭਾਟੀਆ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਬੈਂਸ ਵੱਲੋਂ ਵੱਧ ਰਹੀ ਠੰਡ ਕਾਰਨ ਸੱਤਵੀਂ ਤੱਕ ਦੇ ਵਿਦਿਆਰਥੀਆਂ ਨੂੰ ਛੁੱਟੀਆਂ ਕੀਤੀਆਂ ਗਈਆਂ ਹਨ ਪਰ ਅੱਠਵੀਂ ਤੋਂ ਬਾਰ੍ਹਵੀਂ ਤੱਕ ਦੇ ਸਾਰੇ ਵਿਦਿਆਰਥੀ, ਪ੍ਰਾਇਮਰੀ/ ਮਿਡਲ/ ਹਾਈ/ਸੈਕੰਡਰੀ ਸਕੂਲਾਂ ਦਾ ਸਾਰਾ ਸਟਾਫ 9 ਜਨਵਰੀ ਤੋਂ ਸਕੂਲ ਵਿੱਚ ਹਾਜ਼ਰ ਰਹੇਗਾ। ਉਨ੍ਹਾਂ ਕਿਹਾ ਕਿ ਸਮੂਹ ਸਕੂਲ ਮੁਖੀ ਅਤੇ ਸਟਾਫ ਅੱਠਵੀਂ ਤੋਂ ਬਾਰ੍ਹਵੀਂ ਤੱਕ ਦੇ ਵਿਦਿਆਰਥੀਆਂ ਦੀ ਸਕੂਲ ਵਿੱਚ ਹਾਜ਼ਰੀ ਯਕੀਨੀ ਬਣਾਉਣ ਤਾਂ ਜੋ 'ਮਿਸ਼ਨ 100% ਗਿਵ ਯੂਅਰ ਬੈਸਟ' ਦੀ ਪ੍ਰਾਪਤੀ ਲਈ ਵਿਦਿਆਰਥੀਆਂ ਨੂੰ ਹਰ ਪੱਖੋਂ ਤਿਆਰੀ ਕਰਵਾਈ ਜਾ ਸਕੇ। ਉਨ੍ਹਾਂ ਜਾਣਕਾਰੀ ਦਿੱਤੀ ਕਿ ਠੰਡ ਕਾਰਨ ਸਕੂਲਾਂ ਵਿੱਚ ਭਾਵੇਂ ਛੁੱਟੀਆਂ ਸਨ ਪਰ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਵੱਲੋਂ ਵਿਸ਼ੇਸ਼ ਉਪਰਾਲੇ ਕਰਕੇ ਵਿਦਿਆਰਥੀਆਂ ਨਾਲ ਲਗਾਤਾਰ ਰਾਬਤਾ ਕਾਇਮ ਕਰਦੇ ਹੋਏ ਆਨਲਾਈਨ ਕਲਾਸਾਂ ਲਗਾ ਕੇ ਪੜ੍ਹਾਇਆ ਜਾ ਰਿਹਾ ਸੀ। ਉਨ੍ਹਾਂ ਬੱਚਿਆਂ ਦੇ ਮਾਤਾ-ਪਿਤਾ ਅਤੇ ਸਮਾਜਿਕ ਭਾਈਚਾਰੇ ਨੂੰ ਅਪੀਲ ਕੀਤੀ ਕਿ ਸਹੂਲਤਾਂ ਦਾ ਲਾਭ ਲੈਣ ਆਪਣੇ ਬੱਚੇ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਓ। ਇਸ ਮੌਕੇ ਉਪ ਜ਼ਿਲ੍ਹਾ ਸਿੱਖਿਆ ਅਫਸਰ ਸੈਕੰ: ਲਖਵਿੰਦਰ ਸਿੰਘ, ਉਪ ਜ਼ਿਲ੍ਹਾ ਸਿੱਖਿਆ ਅਫਸਰ ਐਲੀ: ਬਲਬੀਰ ਸਿੰਘ ਤੇ ਜ਼ਿਲ੍ਹਾ ਮੀਡੀਆ ਇੰਚਾਰਜ ਗਗਨਦੀਪ ਸਿੰਘ ਵੀ ਹਾਜ਼ਰ ਸਨ।

ਫ੍ਰੀ ਟਰੇਨਿੰਗ ਕੈਂਪ

ਜਲੰਧਰ (ਸ਼ੈਲੀ ਐਲਬਰਟ) ਹੈਲਥ ਐਂਡ ਕੇਅਰ ਸਰਵੀਸਿਜ ਐਸੋਸੀਏਸ਼ਨ ਦੇ ਪ੍ਰਧਾਨ ਸੰਦੀਪ ਰਾਣਾ ਨੇ ਦੱਸਿਆ ਕਿ ਦੂਜਾ ਫਰੀ ਹੈਲਥ ਐਂਚ ਕੇਅਰ ਕੈਂਪ ਪਿੰਡ ਅਜੀਮਗੜ੍ਹ ਸਮਾਣਾ ਵਿਖੇ 8 ਜਨਵਰੀ ਤੋਂ 15 ਜਨਵਰੀ ਤੱਕ ਲਗਾਇਆ ਜਾ ਰਿਹਾ ਹੈ। ਜਿਸ ਵਿੱਚ ਹੈਲਥ ਅਤੇ ਮਰੀਜ ਦੀ ਦੇਖਭਾਲ ਬਾਰੇ ਲੋੜੀਦੀ ਸਿਖਲਾਈ ਦਿੱਤੀ ਜਾਵੇਗੀ, ਸਫ਼ਲ ਉਮੀਦਵਾਰਾਂ ਨੂੰ ਸਰਟੀਫਿਕੇਟ ਦਿੱਤੇ ਜਾਣਗੇ ਅਤੇ ਯੋਗ ਉਮੀਦਵਾਰਾਂ ਨੂੰ ਯਥਾ ਯੋਗ ਨੌਕਰੀਆਂ ਦਵਾਉਣ ਦਾ ਪ੍ਰਬੰਧ ਵੀ ਕਰੇਗਾ। ਉਮੀਦਵਾਰਾਂ ਦਸਵੀਂ ਜਾਂ ਇਸ ਤੋਂ ਉਪਰ ਵਾਲੀ ਵਿਦਿਆ ਪ੍ਰਾਪਤ ਹੋਵੇ।

ਦਰਸ਼ਨ ਥਾਪਰ ਦੀ ਰਸਮ ਕਿਰਿਆ ਕੱਲ੍ਹ

ਫਿਲੌਰ (ਬੀ ਐਸ ਕੈਨੇਡੀ)-ਉੱਘੇ ਸਮਾਜ ਸੇਵਕ ਗੋਪਾਲ ਥਾਪਰ ਉਰਫ ਰਾਜੂ ਨੂੰ ਉਸ ਸਮੇਂ ਗਹਿਰਾ ਸਦਮਾ ਲਗਾ ਜਦੋਂ ਉਹਨਾ ਦੇ ਮਾਤਾ ਦਰਸ਼ਨ ਥਾਪਰ ਦਾ ਬੀਤੇ ਦਿਨੀਂ ਦਿਹਾਤ ਹੋ ਗਿਆ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਰੁੜ ਪੁਰਾਨ ਪਾਠ ਦਾ ਭੋਗ ਤੇ ਰਸਮ ਕਿਰਿਆ 9 ਜਨਵਰੀ ਨੂੰ 1 ਤੋਂ 2 ਵਜੇ ਮੁਹੱਲਾ ਚੌਧਰੀਆਂ ਸ਼ਿਵ ਮੰਦਿਰ ਵਿਖੇ ਹੋਣਗੇ।

ਕਾਮਰੇਡ ਭਾਗ ਸਿੰਘ ਸੁੱਜੋਂ ਸਦੀਵੀ ਵਿਛੋੜਾ ਦੇ ਗਏ

ਬਹਿਰਾਮ (ਅਵਤਾਰ ਕਲੇਰ) ਕਾਮਰੇਡ ਭਾਗ ਸਿੰਘ ਸੁੱਜੋਂ ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਏ। ਉਹ ਸ਼ਹੀਦ ਮਲਕੀਤ ਚੰਦ ਮੇਹਲੀ ਦੇ ਕਰੀਬੀ ਸਾਥੀਆਂ ਵਿੱਚੋਂ ਇੱਕ ਸਨ। ਉਨ੍ਹਾਂ ਨੇ ਕਾਮਰੇਡ ਨਰੰਜਣ ਸਿੰਘ ਸੁੱਜੋਂ 'ਤੇ ਪਾਏ ਗਏ ਕਤਲ ਦੇ ਝੂਠੇ ਮੁੱਕਦਮੇ ਵਿੱਚ ਪੂਰਾ ਸਾਥ ਦਿੱਤਾ। ਉਹ ਭਾਰਤੀ ਕਮਿਊਨਿਸਟ ਪਾਰਟੀ ਦੇ ਜੁਝਾਰੂ ਸਾਥੀ ਸਨ। ਉਹ ਕੁਝ ਸਮਾਂ ਪਹਿਲਾਂ ਅਧਰੰਗ ਦੀ ਬਿਮਾਰੀ ਦਾ ਸ਼ਿਕਾਰ ਹੋ ਗਏ ਸਨ। ਉਹ ਆਪਣੇ ਆਖਰੀ ਸਾਹਾਂ ਤੱਕ ਪਾਰਟੀ ਦੇ ਮੈਂਬਰ ਰਹੇ। ਉਨ੍ਹਾਂ ਦੀ ਮ੍ਰਿਤਕ ਦੇਹ ਤੇ ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਕੱਤਰ ਕਾਮਰੇਡ ਸੁਤੰਤਰ ਕੁਮਾਰ, ਤਹਿਸੀਲ ਸਕੱਤਰ ਕਾਮਰੇਡ ਮੁਕੰਦ ਲਾਲ ਮਹਿੰਦੀ ਪੁਰ, ਸੀ ਪੀ ਆਈ ਤਹਿਸੀਲ ਬੰਗਾ ਦੇ ਸਕੱਤਰ ਕਾਮਰੇਡ ਰਾਮ ਲਾਲ ਚੱਕ ਗੁਰੂ, ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਜਨਰਲ ਸਕੱਤਰ ਕਾਮਰੇਡ ਜਸਵਿੰਦਰ ਸਿੰਘ ਭੰਗਲ, ਕਾਮਰੇਡ ਬਲਜਿੰਦਰ ਸਿੰਘ, ਰਾਜ ਕੁਮਾਰ ਸੋਢੀ ਸੁੱਜੋਂ, ਕਾਮਰੇਡ ਭਜਨ ਸਿੰਘ ਸੁੱਜੋਂ, ਨਰਿੰਦਰ ਕੁਮਾਰ ਕਾਲੀਆ ਨੇ ਪਾਰਟੀ ਦਾ ਲਾਲ ਝੰਡਾ ਪਾ ਕੇ ਅੰਤਿਮ ਵਿਦਾਇਗੀ ਦਿੱਤੀ। ਇਸ ਮੌਕੇ ਕਾਮਰੇਡ ਭਾਗ ਸਿੰਘ ਦੇ ਪਰਵਾਰਕ ਮੈਂਬਰਾਂ, ਰਿਸ਼ਤੇਦਾਰਾਂ ਸਮੇਤ ਸਾਥੀ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

ਸੇਵਾ ਸਿੰਘ ਨੇ ਬੀ ਡੀ ਪੀ ਓ ਵਜੋਂ ਚਾਰਜ ਸੰਭਾਲਿਆ

ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)-ਪੰਜਾਬ ਸਰਕਾਰ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵੱਲੋਂ ਜਾਰੀ ਹੁਕਮਾਂ ਤਹਿਤ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਸੇਵਾ ਸਿੰਘ ਨੇ ਬਤੌਰ ਬੀਡੀਪੀਓ ਸੁਲਤਾਨਪੁਰ ਲੋਧੀ ਦਾ ਚਾਰਜ ਸੰਭਾਲ ਲਿਆ ਹੈ। ਉਹ ਆਦਮਪੁਰ ਵਿਖੇ ਬਤੌਰ ਬੀਡੀਪੀਓ ਸੇਵਾਵਾਂ ਨਿਭਾਉਣ ਉਪੰਰਤ ਸੁਲਤਾਨਪੁਰ ਲੋਧੀ ਬਦਲ ਕੇ ਆਏ ਹਨ। ਬੀਡੀਪੀਓ ਸੇਵਾ ਸਿੰਘ ਨੇ ਦੱਸਿਆ ਕਿ ਉਹ ਇਸ ਖੇਤਰ ਦੇ ਲੋਕਾਂ ਦੇ ਦਫ਼ਤਰੀ ਕੰਮਾਂ ਨੂੰ ਪਹਿਲ ਦੇ ਆਧਾਰ 'ਤੇ ਸੰਜੀਦਗੀ ਨਾਲ ਨਿਪਟਾਉਣ ਲਈ ਪਾਬੰਦ ਹੋਣਗੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਾਰੀਆਂ ਸਰਕਾਰੀ ਸਕੀਮਾਂ ਨੂੰ ਲੋਕਾਂ ਤੱਕ ਪਹੁੰਚਾਇਆ ਜਾਵੇਗਾ ਅਤੇ ਸਾਰੇ ਕੰਮ ਇਮਾਨਦਾਰੀ ਨਾਲ ਕੀਤੇ ਜਾਣਗੇ। ਇਸ ਮੌਕੇ ਨਿਰਮਲ ਸਿੰਘ ਪੰਚਾਇਤ ਅਫਸਰ, ਪਰਵਿੰਦਰ ਸਿੰਘ ਟੀ ਸੀ , ਪਰਭ ਪਾਲ ਸਿੰਘ ਅਤੇ ਸਮੁੱਚੇ ਸਟਾਫ਼ ਅਤੇ ਵੱਖ-ਵੱਖ ਪਿੰਡਾਂ ਦੇ ਸਰਪੰਚਾਂ ਵੱਲੋਂ ਉਨ੍ਹਾਂ ਦਾ ਚਾਰਜ ਸੰਭਾਲਣ ਮੌਕੇ ਸਵਾਗਤ ਕੀਤਾ।

ਭੱਟੀ ਨੇ ਲੋਕਲ ਬਾਡੀ ਮੰਤਰੀ ਡਾ. ਨਿੱਜਰ ਨਾਲ ਕੀਤੀ ਮੁਲਾਕਾਤ

ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)-ਆਮ ਆਦਮੀ ਪਾਰਟੀ ਦੇ ਹਲਕਾ ਆਦਮਪੁਰ ਦੇ ਇੰਚਾਰਜ ਜੀਤ ਲਾਲ ਭੱਟੀ ਨੇ ਚੰਡੀਗੜ੍ਹ ਵਿਖੇ ਲੋਕਲ ਬਾਡੀ ਮੰਤਰੀ ਡਾ.ਇੰਦਰਬੀਰ ਸਿੰਘ ਨਿੱਝਰ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੂੰ ਨਗਰ ਕੌਂਸਲ ਭੋਗਪੁਰ, ਆਦਮਪੁਰ ਅਤੇ ਅਲਾਵਲਪੁਰ ਵਿਚ ਹੋਣ ਵਾਲੇ ਵਿਕਾਸ ਦੇ ਕੰਮਾਂ ਬਾਰੇ ਜਾਣੂ ਕਰਵਾਇਆ ਗਿਆ। ਉਨ੍ਹਾਂ ਨੇ ਭਰੋਸਾ ਦਿੱਤਾ ਕਿ ਜਲਦ ਹੀ ਵਿਕਾਸ ਦੇ ਕੰਮ ਸ਼ੁਰੂ ਕਰਵਾ ਦਿੱਤੇ ਜਾਣਗੇ। ਇਸ ਮੌਕੇ ਭੱਟੀ ਨੇ ਆਪਣੇ ਹਲਕੇ ਦੇ ਲੋਕਾਂ ਨੂੰ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਸਰਕਾਰ ਜਿੱਥੇ ਪੰਜਾਬ ਦੇ ਵਿਕਾਸ ਲਈ ਦਿਨ-ਰਾਤ ਮਿਹਨਤ ਕਰ ਰਹੀ ਹੈ ਉੱਥੇ ਪੰਜਾਬ ਵਾਸੀਆਂ ਨੂੰ ਪੁਖਤਾ ਬੁਨਿਆਦੀ ਸਹੂਲਤਾਂ ਮੁਹਈਆ ਕਰਵਾ ਰਹੀ ਹੈ ਅਤੇ ਖੁਦ ਮੁੱਖ ਮੰਤਰੀ ਭਗਵੰਤ ਮਾਨ ਨੇ ਸਹਿਰਾਂ ਦੇ ਵਿਕਾਸ ਲਈ ਹੋਰ ਕਈ ਯੋਜਨਾਵਾਂ ਉਲੀਕੀਆਂ ਹਨ।

ਸ਼ੂਗਰ ਮਿੱਲ ਦੀ ਉੱਡ ਰਹੀ ਸੁਆਹ ਵਿਰੁੱਧ ਚੱਲ ਰਹੇ ਸੰਘਰਸ਼ ਦੀ ਸੀ ਪੀ ਆਈ ਐੱਮ ਡਟ ਕੇ ਹਮਾਇਤ ਕਰੇਗੀ : ਜਾਡਲਾ

ਨਵਾਂਸ਼ਹਿਰ (ਮਨੋਜ ਲਾਡੀ)-ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਜ਼ਿਲ੍ਹਾ ਸਕੱਤਰ ਸਾਥੀ ਬਲਵੀਰ ਸਿੰਘ ਜਾਡਲਾ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਹੈ ਕਿ ਜ਼ਿਲ੍ਹਾ ਸਕੱਤਰੇਤ ਦੀ ਆਨਲਾਈਨ ਮੀਟਿੰਗ ਕਰਕੇ ਨਵਾਂਸ਼ਹਿਰ ਸ਼ੂਗਰ ਮਿੱਲ ਦੀ ਉੱਡ ਰਹੀ ਸੁਆਹ ਨੂੰ ਬੰਦ ਕਰਾਉਣ ਲਈ

8-JAN-PAGE-8.qxd 1/7/2023 10:26 PM Page 1

ਫਾਜ਼ਿਲਕਾ ਪੁਲਸ ਵੱਲੋਂ 31 ਕਿੱਲੋ ਹੈਰੋਇਨ ਤੇ ਕਾਰ ਸਮੇਤ 2 ਗ੍ਰਿਫ਼ਤਾਰ

ਫਾਜ਼ਿਲਕਾ (ਕ੍ਰਿਸ਼ਨ ਸਿੰਘ/ਪਰਮਜੀਤ ਢਾਬਾਂ)

ਫਾਜ਼ਿਲਕਾ ਪੁਲਸ ਨੇ 2 ਆਰੋਪੀਆਂ ਨੂੰ 31.020 ਕਿੱਲੋ ਹੈਰੋਇਨ ਤੇ ਇਕ ਹੋਰ ਕਾਰ ਸਮੇਤ ਗ੍ਰਿਫ਼ਤਾਰ ਕੀਤਾ ਹੈ। ਇਸ ਸਬੰਧੀ ਕੀਤੀ ਗਈ ਪ੍ਰੈੱਸ ਕਾਨਫਰੰਸ ਵਿੱਚ ਡੀ ਆਈ ਜੀ ਫਿਰੋਜ਼ਪੁਰ ਰੇਂਜ ਰਣਜੀਤ ਸਿੰਘ ਨੇ ਦੱਸਿਆ ਕਿ ਫਾਜ਼ਿਲਕਾ ਦੀ ਭਾਰਤ-ਪਾਕਿ ਸਰਹੱਦ 'ਤੇ ਸਥਿਤ ਬੀਓਪੀ ਚੱਕ ਅਮੀਰ ਨੂੰ ਬੀ ਐੱਸ ਐੱਫ ਅਧਿਕਾਰੀਆਂ ਵੱਲੋਂ ਬੀਤੇ ਦਿਨੀਂ ਅਲਰਟ ਕੀਤਾ ਗਿਆ ਸੀ, ਜਿਸ ਤੋਂ ਬਾਅਦ ਜ਼ਿਲ੍ਹਾ ਪੁਲਸ ਨੂੰ ਸੂਚਨਾ ਮਿਲਣ 'ਤੇ ਪੁਲਸ ਥਾਣਾ ਸਦਰ ਫਾਜ਼ਿਲਕਾ ਨੇ ਐੱਸ ਆਈ ਜੁਗਰਾਜ ਸਿੰਘ ਦੇ ਨਾਲ ਚੱਕ ਅਮੀਰ ਬੀਓਪੀ ਚੌਕੀ ਦੇ ਆਲੇ-ਦੁਆਲੇ ਉੱਚ ਅਧਿਕਾਰੀਆਂ ਦੇ ਦਿੱਤੇ ਹੁਕਮਾਂ ਅਨੁਸਾਰ ਸਰਚ ਅਭਿਆਨ ਸ਼ੁਰੂ ਕੀਤਾ ਅਤੇ ਵੱਖ-ਵੱਖ ਥਾਵਾਂ 'ਤੇ ਨਾਕਾਬੰਦੀ ਕੀਤੀ ਗਈ, ਜਿਸ ਦੌਰਾਨ ਮੁਹੰਮਦਪੀਰਾ ਤੋਂ ਆਲਮਸ਼ਾਹ ਰੋਡ 'ਤੇ ਪੈਂਦੇ ਸੇਮਨਾਲੇ ਦੇ ਪੁਲ 'ਤੇ ਇੱਕ ਚਿੱਟੇ ਰੰਗ ਦੀ ਕਾਰ ਨਾਕਾ ਤੋੜ ਕੇ ਫਾਜ਼ਿਲਕਾ ਸ਼ਹਿਰ ਵੱਲ ਭੱਜੀ, ਜਿਸ ਦੇ ਸਬੰਧ ਵਿੱਚ ਸ਼ਹਿਰ ਫਾਜ਼ਿਲਕਾ ਤੇ ਨੇੜਲੇ ਲਿੰਕ ਰੋਡ 'ਤੇ ਵੱਖ-ਵੱਖ ਨਾਕਾਬੰਦੀ ਕੀਤੀ ਗਈ। ਇਸ ਦੌਰਾਨ ਇੰਸਪੈਕਟਰ ਅਰੁਣ ਕੁਮਾਰ ਉਪਾਧਿਆਏ ਬਟਾਲੀਅਨ ਨੰ. 55, ਸਿਪਾਹੀ ਏ. ਕੇ. ਬਰਮਨ, ਬਟਾਲੀਅਨ ਨੰਬਰ 55 ਦੇ ਕਾਂਸਟੇਬਲ ਰਾਜੀਵ ਕੁਮਾਰ ਨੇ ਪਿੰਡ ਗਗਨ ਤੋਂ ਸਮਸ਼ਾਬਾਦ ਨੂੰ ਜਾਂਦੀ ਲਿੰਕ ਸੜਕ 'ਤੇ ਛੋਟੀ ਨਹਿਰ ਦੇ ਪੁਲ 'ਤੇ ਨਾਕਾਬੰਦੀ ਕੀਤੀ, ਜਦਕਿ ਗੁਰਿੰਦਰ ਸਿੰਘ, ਐੱਸ. ਸੀ. ਅਮਰਜੀਤ ਸਿੰਘ, ਸੁਮਿਤ ਕੁਮਾਰ, ਨੀਰਜ ਕੁਮਾਰ, ਨੀਲਮ ਰਾਣੀ, ਗੁਰਬਚਨ ਸਿੰਘ, ਹਰਜਿੰਦਰਪਾਲ ਸਿੰਘ ਸੀ.ਆਈ.ਏ. ਫਾਜ਼ਿਲਕਾ ਤੋਂ ਐੱਸ ਸੀ ਰਾਜ ਸਿੰਘ ਥਾਣਾ ਖੂਈ ਖੇੜਾ ਵਿਖੇ ਨਾਕਾਬੰਦੀ ਦੌਰਾਨ ਮੌਜੂਦ ਸਨ। ਕੁਝ ਦੇਰ ਬਾਅਦ ਗਗਨ ਪਿੰਡ ਵਾਲੀ ਸਾਈਡ ਤੋਂ ਇੱਕ ਚਿੱਟੇ ਰੰਗ ਦੀ ਕਾਰ ਆਉਂਦੀ ਦਿਖਾਈ ਦਿੱਤੀ, ਜੋ ਨਾਕੇ ਨੇੜੇ ਆ ਕੇ ਸ਼ੱਕੀ ਹਾਲਤ 'ਚ ਆ ਕੇ ਰੁਕੀ ਤੇ ਕਾਰ ਚਾਲਕ ਨੇ ਕਾਰ ਭਜਾਉਣ ਦੀ ਕੋਸ਼ਿਸ਼ ਕੀਤੀ, ਜਿਸ 'ਤੇ ਉਸ ਨੇ ਸਾਥੀ ਕਰਮਚਾਰੀਆਂ ਸਮੇਤ ਉਕਤ ਕਾਰ ਨੂੰ ਕਵਰ ਕੀਤਾ, ਫਿਰ ਕਾਰ 'ਚ ਸਵਾਰ ਦੋ ਵਿਅਕਤੀਆਂ ਦੇ ਨਾਂਅ ਪੁੱਛੇ, ਤਾਂ ਨੰਬਰ ਯੂ ਪੀ-80-ਸੀਡੀ-0023, ਕਾਰ ਚਾਲਕ ਨੇ ਆਪਣਾ ਨਾਂ ਹਰਮੀਤ ਕੰਬੋਜ ਪੁੱਤਰ ਜੋਗਿੰਦਰ ਪਾਲ ਪੁੱਤਰ ਅਮੀਰ ਚੰਦ ਵਾਸੀ ਮੁਹੰਮਦ ਪੀਰਾ ਤੇ ਕੰਡਕਟਰ ਸੀਟ 'ਤੇ ਬੈਠੇ ਨੌਜਵਾਨ ਨੇ ਆਪਣਾ ਨਾਂ ਪਰਮਜੀਤ ਸਿੰਘ ਉਰਫ ਪੰਮਾ ਪੁੱਤਰ ਦਲੀਪ ਸਿੰਘ ਪੁੱਤਰ ਇੰਦਰ ਸਿੰਘ ਵਾਸੀ ਚੱਕ ਬਲੋਚਾਂ (ਮਹਾਲਮ) ਦੱਸਿਆ। ਕਾਰ 'ਚ ਕੰਡਕਟਰ ਸੀਟ 'ਤੇ ਬੈਠੇ ਨੌਜਵਾਨ ਦੇ ਪੈਰਾਂ ਹੇਠ ਨੀਲੇ ਤੇ ਅਸਮਾਨੀ ਰੰਗ ਦਾ ਪਲਾਸਟਿਕ ਦਾ ਗੱਟਾ ਰੱਖਿਆ ਗਿਆ ਸੀ, ਜਦਕਿ ਡਰਾਈਵਰ ਸੀਟ ਦੇ ਪਿੱਛੇ ਪੈਰ ਦੀ ਜਗ੍ਹਾ 'ਤੇ ਪਿਛਲੀ ਸੀਟ ਦੇ ਅੱਗੇ ਹਰੇ ਤੇ ਪੀਲੇ ਰੰਗ ਦਾ ਪਲਾਸਟਿਕ ਦਾ ਗੱਟਾ ਰੱਖਿਆ ਹੋਇਆ ਸੀ, ਜਿਸ ਦੀ ਪੁੱਛਗਿੱਛ ਕਰਨ 'ਤੇ ਕੋਈ ਵੀ ਕੋਈ ਤਸੱਲੀਬਖਸ਼ ਜਵਾਬ ਨਹੀਂ ਦੇ ਸਕਿਆ। ਇਸ ਤੋਂ ਬਾਅਦ ਉਨ੍ਹਾਂ ਡੀ.ਐੱਸ.ਪੀ. ਸੁਬੇਗ ਸਿੰਘ ਦੀ ਹਾਜ਼ਰੀ 'ਚ ਪਲਾਸਟਿਕ ਦੇ ਬੰਡਲ ਦੀ ਤਲਾਸ਼ੀ ਲਈ ਤਾਂ ਕੰਡਕਟਰ ਦੀ ਸੀਟ 'ਤੇ ਬੈਠੇ ਪਰਮਜੀਤ ਸਿੰਘ ਦੇ ਪੈਰਾਂ ਕੋਲ ਰੱਖੇ ਪਲਾਸਟਿਕ ਦੇ ਗੱਟੇ ਦੀ ਜਾਂਚ ਕਰਨ 'ਤੇ ਪੀਲੇ ਰੰਗ ਦੀ ਟੇਪ ਨਾਲ ਲਪੇਟੇ ਹੋਏ 15 ਪੈਕਟ ਬਰਾਮਦ ਹੋਏ। ਉਕਤ 15 ਪੈਕੇਟਾਂ ਦੀ ਜਾਂਚ ਕਰਨ ਤੋਂ ਬਾਅਦ, ਉਨ੍ਹਾਂ ਨੂੰ ਪੀ-1 ਤੋਂ ਪੀ-15 ਤੱਕ ਮਾਰਕ ਕੀਤਾ ਗਿਆ ਸੀ। ਫਿਰ ਕਾਰ ਵਿੱਚੋਂ ਬਾਹਰ ਕੱਢ ਕੇ ਹਰਮੀਤ ਕੰਬੋਜ ਦੀ ਸੀਟ ਦੇ ਪਿਛਲੇ ਪਾਸੇ ਰੱਖੇ ਪਲਾਸਟਿਕ ਦੇ ਗੱਟੇ ਦੀ ਜਾਂਚ ਕੀਤੀ। ਇਸ ਤਰ੍ਹਾਂ ਉਸ ਵਿੱਚੋਂ ਵੀ ਪੀਲੇ ਰੰਗ ਦੀ ਟੇਪ ਨਾਲ ਲਪੇਟੇ 14 ਪੈਕੇਟ ਬਰਾਮਦ ਹੋਏ, ਜਿਨ੍ਹਾਂ ਦੀ ਚੈਕਿੰਗ ਕਰਨ 'ਤੇ ਹੈਰੋਇਨ ਵੀ ਬਰਾਮਦ ਹੋਈ, ਜਿਨ੍ਹਾਂ 'ਤੇ ਐੱਚ-1 ਤੋਂ ਐੱਚ-14 ਦੇ ਨਿਸ਼ਾਨ ਸਨ। ਇਸ ਤਰ੍ਹਾਂ ਉਪਰੋਕਤ ਸਾਰੇ 29 ਪੈਕੇਟਾਂ ਵਿੱਚੋਂ ਕੁੱਲ 31.020 ਕਿੱਲੋ ਹੈਰੋਇਨ ਬਰਾਮਦ ਕੀਤੀ ਗਈ। ਉਨ੍ਹਾਂ ਦੱਸਿਆ ਕਿ ਹਰਮੀਤ ਕੰਬੋਜ ਆਰਮੀ 'ਚ ਹੈ, ਜੋ ਫਰੀਦਕੋਟ 'ਚ ਤਾਇਨਾਤ ਸੀ। ਪੁਲਸ ਵੱਲੋਂ ਫੜੇ ਗਏ ਆਰੋਪੀਆਂ ਦੇ ਖਿਲਾਫ ਐੱਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ।

100ਵੇਂ ਜਨਮ ਦਿਨ 'ਤੇ ਯਾਦ ਕਰਦਿਆਂ

ਕਾਮਰੇਡ ਗੀਤਾ ਮੁਖਰਜੀ ਇੱਕ ਵਿਲੱਖਣ ਸ਼ਖਸੀਅਤ

ਉੱਘੇ ਸੰਸਦ ਮੈਂਬਰ ਤੇ ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਦੇ ਮੈਂਬਰ ਗੀਤਾ ਮੁਖਰਜੀ ਦੀ ਮੌਤ ਦੇ ਦੋ ਫੌਰੀ ਨਤੀਜੇ ਨਿਕਲੇ ਸਨ। ਸਿਆਸੀ ਪੱਖੋਂ, ਸੀ.ਪੀ.ਆਈ. ਨੇ ਇੱਕ ਪ੍ਰਤੀਬੱਧ ਆਗੂ ਗੁਆ ਦਿੱਤਾ ਤੇ ਦੂਜਾ ਨੌਜਵਾਨ ਕਮਿਊਨਿਸਟਾਂ ਕੋਲ ਪੁਰਾਣਿਆਂ ਦੇ ਪੂਰਨਿਆਂ 'ਤੇ ਚੱਲਣ ਲਈ ਇੱਕ ਆਗੂ ਘੱਟ ਗਿਆ। ਸੰਨ 1990 ਵਿੱਚ ਉਨ੍ਹਾ ਦਾ ਦਿਲ ਦਾ ਆਪ੍ਰੇਸ਼ਨ ਹੋਇਆ ਸੀ, ਪਰ ਇਸ ਨਾਲ ਉਹ ਆਪਣੇ-ਆਪ ਨੂੰ ਪਾਰਟੀ ਤੇ ਸੰਸਦੀ ਗਤੀਵਿਧੀਆਂ ਨੂੰ ਜਾਰੀ ਰੱਖਣ ਤੋਂ ਨਹੀਂ ਰੋਕ ਸਕੇ। ਉਹ ਲੋਕ ਸਭਾ ਵਿੱਚ ਸੀ ਪੀ ਆਈ ਦੇ ਡਿਪਟੀ ਲੀਡਰ ਸਨ। ਰਾਜਾਂ ਦੀਆਂ ਵਿਧਾਨ ਸਭਾਵਾਂ ਤੇ ਸੰਸਦ ਦੀਆਂ ਕੁੱਲ ਸੀਟਾਂ ਦਾ ਇੱਕ ਤਿਹਾਈ 'ਔਰਤਾਂ ਲਈ ਰਾਖਵੇਂਕਰਨ' ਦੀ ਵਿਵਸਥਾ ਕਰਦਾ 'ਮਹਿਲਾ ਰਿਜ਼ਰਵੇਸ਼ਨ ਬਿੱਲ' 'ਤੇ ਸੰਸਦ ਦੀ ਸੰਯੁਕਤ ਚੋਣ ਕਮੇਟੀ ਦੀ ਚੇਅਰਪਰਸਨ ਹੋਣ ਦੇ ਨਾਤੇ ਉਹ ਇਸ ਬਿੱਲ ਨੂੰ ਇਸ ਦੇ ਤਰਕਪੂਰਨ ਦੇਖਣ ਲਈ ਦ੍ਰਿੜ੍ਹ ਸਨ। ਸਿੱਟਾ ਇਹ ਹੋਇਆ ਕਿ 3 ਮਾਰਚ ਨੂੰ ਦਿਲ ਦਾ ਦੌਰਾ ਪੈਣ ਤੋਂ ਇੱਕ ਦਿਨ ਪਹਿਲਾਂ ਉਨ੍ਹਾ ਨੇ ਰਾਜ ਵਿੱਚ ਸਰਕਾਰ ਬਣਾਉਣ ਲਈ ਐੱਨ.ਡੀ.ਏ. ਨੂੰ ਸੱਦਾ ਦੇਣ ਦੇ ਬਿਹਾਰ ਦੇ ਰਾਜਪਾਲ ਦੇ ਫੈਸਲੇ ਵਿਰੁੱਧ ਸਦਨ ਵਿੱਚ ਜ਼ੋਰਦਾਰ ਪ੍ਰਦਰਸ਼ਨ ਕੀਤਾ। ਉਨ੍ਹਾ ਨੇ ਸਰਕਾਰ ਦੀ ਇਸ ਕਾਰਵਾਈ ਨੂੰ 'ਗੈਰ-ਜਮਹੂਰੀ' ਕਰਾਰ ਦਿੱਤਾ ਸੀ। ਭਾਵੇਂ ਉਹ ਬਿਮਾਰ ਸਨ, ਪਰ ਉਹ ਬਿਹਾਰ ਦੇ ਵਿਕਾਸ ਤੇ ਗੁਜਰਾਤ ਵਿੱਚ ਕਰਮਚਾਰੀਆਂ ਨੂੰ ਰਾਸ਼ਟਰੀ ਸਵੈਮ ਸੇਵਕ ਸੰਘ (ਆਰ ਐੱਸ ਐੱਸ) ਦੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣ ਦੀ ਇਜਾਜ਼ਤ ਦੇਣ ਦੇ ਗੁਜਰਾਤ ਸਰਕਾਰ ਦੇ ਫੈਸਲੇ ਦੇ ਵਿਵਾਦ ਦੇ ਮੱਦੇਨਜ਼ਰ ਸੰਸਦ 'ਚ ਜਾਣਾ ਚਾਹੁੰਦੇ ਸਨ, ਹਾਲਾਂਕਿ ਉਹ ਹੋਰ ਮੁੱਦਿਆਂ ਲਈ ਬਰਾਬਰ ਵਚਨਬੱਧ ਸਨ। 1996 ਤੋਂ, ਜਦੋਂ ਉਨ੍ਹਾ ਨੇ ਸੰਯੁਕਤ ਚੋਣ ਕਮੇਟੀ ਦੀ ਚੇਅਰਪਰਸਨ ਵਜੋਂ ਅਹੁਦਾ ਸੰਭਾਲਿਆ, ਉਦੋਂ ਤੋਂ ਉਨ੍ਹਾਂ ਦਾ ਮੁੱਖ ਕੰਮ ਮਹਿਲਾ ਰਿਜ਼ਰਵੇਸ਼ਨ ਬਿੱਲ ਨੂੰ ਪਾਸ ਕਰਨਾ ਯਕੀਨੀ ਬਣਾਉਣਾ ਸੀ, ਇਸ ਲਈ ਇੱਥੋਂ ਤੱਕ ਕਿ ਉਨਾਂ ਨੇ ਇਹ ਕਹਿ ਕੇ ਆਈ. ਕੇ. ਗੁਜਰਾਲ ਸਰਕਾਰ ਵਿੱਚ ਮੰਤਰੀ ਦਾ ਅਹੁਦਾ ਲੈਣ ਤੋਂ ਇਨਕਾਰ ਕਰ ਦਿੱਤਾ ਕਿ ਉਹ ਬਿੱਲ 'ਤੇ ਪੂਰਾ ਧਿਆਨ ਕੇਂਦਰਿਤ ਕਰਨਾ ਚਾਹੁੰਦੇ ਹਨ।

ਗੀਤਾ ਮੁਖਰਜੀ ਦਾ ਜਨਮ 8 ਜਨਵਰੀ 1924 ਨੂੰ ਮਾਤਾ ਸ੍ਰੀਮਤੀ ਸ਼ੈਲਾ ਬਾਲਾ ਰਾਏ ਚੌਧਰੀ ਤੇ ਪਿਤਾ ਸ੍ਰੀ ਪ੍ਰਫੁਲ ਕੁਮਾਰ ਰਾਏ ਚੌਧਰੀ ਦੇ ਘਰ ਹੋਇਆ ਸੀ। ਉਨ੍ਹਾ ਦੇ ਪਿਤਾ ਇੱਕ ਰਾਏ ਬਹਾਦੁਰ ਸਨ। ਉਹ ਜੇਸੋਰ, ਜੋ ਹੁਣ ਬੰਗਲਾਦੇਸ਼ ਵਿੱਚ ਹੈ, ਵਿਖੇ ਸਕੂਲ ਪੜ੍ਹਨ ਗਏ। ਇੱਕ ਵਿਦਿਆਰਥੀ ਦੇ ਰੂਪ ਵਿੱਚ ਗੀਤਾ ਮੁਖਰਜੀ 1939 'ਚ ਬੰਗਾਲ ਪ੍ਰੋਵਿੰਸ਼ੀਅਲ ਸਟੂਡੈਂਟਸ ਫੈਡਰੇਸ਼ਨ (ਬੀ ਪੀ ਐੱਸ ਐੱਫ) ਵਿੱਚ ਸ਼ਾਮਲ ਹੋ ਗਈ। ਉਸ ਸਮੇਂ ਬੀ ਪੀ ਐੱਸ ਐੱਫ ਅੰਡੇਮਾਨ ਤੇ ਨਿਕੋਬਾਰ ਟਾਪੂ 'ਚ ਕੈਦ ਵਿਅਕਤੀਆਂ ਦੀ ਵਾਪਸੀ ਤੇ ਰਿਹਾਈ ਦੀ ਮੰਗ ਲਈ ਇੱਕ ਅੰਦੋਲਨ ਦੀ ਅਗਵਾਈ ਕਰ ਰਹੀ ਸੀ। ਉਹ 1947 ਤੋਂ 1951 ਤੱਕ ਸਟੂਡੈਂਟਸ ਫੈਡਰੇਸ਼ਨ ਦੀ ਸਕੱਤਰ ਰਹੀ। ਉਨ੍ਹਾਂ ਨੇ ਬੰਗਾਲੀ ਸਾਹਿਤ ਦਾ ਅਧਿਐਨ ਕੀਤਾ ਤੇ ਕਲਕੱਤਾ ਦੇ ਆਸੂਤੋਸ਼ ਕਾਲਜ ਤੋਂ ਗ੍ਰੈਜੂਏਸ਼ਨ ਕੀਤੀ। ਸੰਨ 1942 ਵਿੱਚ ਉਹ ਸੀ ਪੀ ਆਈ 'ਚ ਸ਼ਾਮਲ ਹੋ ਗਏ ਤੇ ਵਿਸਵ ਨਾਥ ਮੁਖਰਜੀ ਨਾਲ ਵਿਆਹ ਕੀਤਾ, ਜੋ ਪਹਿਲਾਂ ਹੀ ਇੱਕ ਸਥਾਪਤ ਵਿਦਿਆਰਥੀ ਕਮਿਊਨਿਸਟ ਆਗੂ ਸਨ। ਉਹ ਪਹਿਲੀ ਵਾਰ 1945 ਦੀ ਡਾਕ ਕਾਮਿਆਂ ਦੀ ਹੜਤਾਲ ਦੌਰਾਨ ਸੁਰਖੀਆਂ ਵਿੱਚ ਆਏ ਸਨ। 29 ਜੁਲਾਈ 1945 ਨੂੰ ਉਨ੍ਹਾ ਨੇ ਇੱਕ ਰੈਲੀ ਨੂੰ ਸੰਬੋਧਨ ਕੀਤਾ, ਜਿੱਥੇ ਉਹ ਇਕਲੌਤੀ ਮਹਿਲਾ ਵਿਦਿਆਰਥੀ ਸਪੀਕਰ ਸੀ।

ਜਦੋਂ 1948 ਵਿੱਚ ਕਮਿਊਨਿਸਟ ਪਾਰਟੀ 'ਤੇ ਪਾਬੰਦੀ ਲਗਾਈ ਗਈ ਸੀ ਤਾਂ ਉਨ੍ਹਾ ਨੂੰ ਤੇ ਵਿਸਵ ਨਾਥ ਮੁਖਰਜੀ ਨੂੰ ਪ੍ਰੈਜ਼ੀਡੈਂਸੀ ਜੇਲ੍ਹ ਕਲਕੱਤਾ 'ਚ ਛੇ ਮਹੀਨਿਆਂ ਲਈ ਬਿਨਾਂ ਮੁਕੱਦਮੇ ਨਜ਼ਰਬੰਦ ਰੱਖਿਆ ਗਿਆ ਸੀ। ਗੀਤਾ ਮੁਖਰਜੀ ਵਿਦਿਆਰਥੀ, ਕਿਸਾਨ ਤੇ ਔਰਤਾਂ ਦੇ ਅੰਦੋਲਨਾਂ ਵਿੱਚ ਆਪਣੀ ਸਰਗਰਮ ਭੂਮਿਕਾ ਲਈ ਸਭ ਤੋਂ ਮਸ਼ਹੂਰ ਸਨ। 1960 ਦੇ ਦਹਾਕੇ ਦੇ ਬਹੁਤ ਸਾਰੇ ਵਿਦਿਆਰਥੀਆਂ ਲਈ, ਉਹ ਇੱਕ ਰੋਲ ਮਾਡਲ ਸਨ। 1964 ਵਿੱਚ ਕਮਿਊਨਿਸਟ ਪਾਰਟੀ ਦੀ ਵੰਡ ਤੋਂ ਬਾਅਦ ਉਹ ਸੀ ਪੀ ਆਈ ਦੇ ਨਾਲ ਰਹੇ। ਉਹ 1967 ਤੇ 1972 'ਚ ਮਿਦਨਾਪੁਰ ਜ਼ਿਲ੍ਹੇ ਦੇ ਤਾਮਲੂਕ ਹਲਕੇ ਤੋਂ ਪੱਛਮੀ ਬੰਗਾਲ ਅਸੈਂਬਲੀ ਲਈ ਤੇ 1978 ਵਿੱਚ ਉਹ ਪੰਸਕੁਰਾ ਤੋਂ ਲੋਕ ਸਭਾ ਲਈ ਚੁਣੇ ਗਏ ਸਨ ਅਤੇ ਉਦੋਂ ਤੋਂ ਉਸ ਹਲਕੇ ਦੀ ਨੁਮਾਇੰਦਗੀ ਕੀਤੀ ਸੀ। ਉਹ 7 ਵਾਰ ਸੰਸਦ ਮੈਂਬਰ ਚੁਣੇ ਗਏ। ਉਨ੍ਹਾ ਨੂੰ 1978 'ਚ ਪਾਰਟੀ ਦੀ ਕੌਮੀ ਕੌਂਸਲ ਲਈ ਤੇ 1981 ਵਿੱਚ ਇਸ ਦੀ ਕੌਮੀ ਕਾਰਜਕਾਰਨੀ ਲਈ ਚੁਣਿਆ ਗਿਆ ਸੀ। 1998 'ਚ ਚੇਨਈ ਵਿਖੇ ਹੋਈ ਪਾਰਟੀ ਦੀ 17ਵੀਂ ਕਾਂਗਰਸ ਵਿੱਚ ਉਹ ਸੀ ਪੀ ਆਈ ਦੀ ਕੌਮੀ ਸਕੱਤਰਾਂ 'ਚੋਂ ਇੱਕ ਚੁਣੇ ਗਏ ਸਨ। ਇਸ ਤਰ੍ਹਾਂ ਗੀਤਾ ਮੁਖਰਜੀ ਕਿਸੇ ਵੀ ਭਾਰਤੀ ਕਮਿਊਨਿਸਟ ਪਾਰਟੀ ਦੀ ਪਹਿਲੀ ਮਹਿਲਾ ਸਕੱਤਰੇਤ ਮੈਂਬਰ ਬਣੇ। ਉਨ੍ਹਾ ਦੀ ਪ੍ਰਧਾਨਗੀ ਹੇਠ ਮਹਿਲਾ ਰਿਜ਼ਰਵੇਸ਼ਨ ਬਿੱਲ 'ਤੇ ਸੰਸਦ ਦੀ ਸੰਯੁਕਤ ਚੋਣ ਕਮੇਟੀ ਦੀ ਰਿਪੋਰਟ ਰਿਕਾਰਡ ਸਮੇਂ ਵਿੱਚ ਪੂਰੀ ਹੋ ਗਈ ਸੀ। ਉਹ 1965 ਤੋਂ ਸੀ ਪੀ ਆਈ ਦੇ ਮਹਿਲਾ ਵਿੰਗ ਨੈਸ਼ਨਲ ਫੈਡਰੇਸ਼ਨ ਆਫ ਇੰਡੀਅਨ ਵੂਮੈਨ (ਐੱਨ ਐੱਫ ਆਈ ਡਬਲਯੂ) ਦੀ ਕਾਰਜਕਾਰੀ ਕੌਂਸਲ ਮੈਂਬਰ, 1986 'ਚ ਨੈਸ਼ਨਲ ਕਮਿਸ਼ਨ ਆਨ ਰੂਰਲ ਲੇਬਰ ਤੇ 1988 'ਚ ਰਾਸ਼ਟਰੀ ਮਹਿਲਾ ਕਮਿਸ਼ਨ ਦੇ ਮੈਂਬਰ ਵੀ ਰਹੇ ਸੀ। ਉਹ ਪ੍ਰੈੱਸ ਕੌਂਸਲ ਦੀ ਮੈਂਬਰ ਵੀ ਸਨ। ਉਹ ਹਮੇਸ਼ਾ ਚਾਹੁੰਦੇ ਸੀ ਕਿ ਪਾਰਟੀ ਦੀਆਂ ਜਨਤਕ ਜਥੇਬੰਦੀਆਂ ਉਨ੍ਹਾਂ ਨੂੰ ਮੁੱਦਿਆਂ ਤੇ ਵਿਕਾਸ ਬਾਰੇ ਜਾਣਕਾਰੀ ਦੇਣ ਤਾਂ ਜੋ ਉਹ ਉਨ੍ਹਾਂ ਨੂੰ ਸੰਸਦ ਵਿੱਚ ਉਠਾ ਸਕਣ। ਕੋਈ ਸਵਾਲ ਉਠਾਉਣ ਤੋਂ ਪਹਿਲਾਂ, ਉਹ ਯਕੀਨੀ ਬਣਾਉਂਦੇ ਸੀ ਕਿ ਉਨ੍ਹਾਂ ਨੇ ਵਿਸ਼ੇ ਨੂੰ ਚੰਗੀ ਤਰ੍ਹਾਂ ਸਮਝ ਲਿਆ ਹੈ।

ਗੀਤਾ ਮੁਖਰਜੀ ਦੇ ਜੀਵਨ ਵਿੱਚ ਸਿਧਾਂਤ ਤੇ ਅਭਿਆਸ ਵਿੱਚ ਕੋਈ ਵਿਰੋਧਤਾਈ ਨਹੀਂ ਸੀ। ਇੱਕ ਕੱਟੜ ਆਸ਼ਾਵਾਦੀ, ਨਿਮਰਤਾ, ਸਾਦਗੀ ਤੇ ਪੂਰਨ ਵਿਚਾਰਧਾਰਕ ਦ੍ਰਿੜ੍ਹਤਾ ਵਾਲੀ ਔਰਤ ਸੀ। ਸੰਨ 1964 ਵਿੱਚ ਕਮਿਊਨਿਸਟ ਪਾਰਟੀ ਵਿੱਚ ਫੁੱਟ, 1980 ਦੇ ਦਹਾਕੇ ਦੇ ਅਖੀਰ ਤੇ 1990 ਦੇ ਦਹਾਕੇ ਦੇ ਸ਼ੁਰੂ ਵਿੱਚ ਪੂਰਬੀ ਯੂਰਪ ਤੇ ਸੋਵੀਅਤ ਯੂਨੀਅਨ ਵਿੱਚ ਸਿਆਸੀ ਉਥਲ-ਪੁਥਲ ਦੇ ਬਾਵਜੂਦ ਗੀਤਾ ਮੁਖਰਜੀ ਦੀ ਕੌਮੀ ਜਮਹੂਰੀ ਇਨਕਲਾਬ ਪ੍ਰਤੀ ਵਚਨਬੱਧਤਾ ਅਡੋਲ ਰਹੀ।

ਉਨ੍ਹਾ ਨੇ ਬੱਚਿਆਂ ਲਈ ਕੁਝ ਕਿਤਾਬਾਂ ਲਿਖੀਆਂ। ਭਾਰਤ ਉਪਕਥਾ (ਭਾਰਤ ਦੀਆਂ ਲੋਕ-ਕਥਾਵਾਂ) ਤੇ ਛੋਟੇਦਰ ਰਬਿੰਦਰ ਨਾਥ (ਬੱਚਿਆਂ ਲਈ ਟੈਗੋਰ) ਇਨ੍ਹਾਂ ਵਿੱਚੋਂ ਦੋ ਹਨ। ਉਨ੍ਹਾਂ ਨੇ ਬਰੂਨੋ ਅਪਿਟਜ ਦੇ ਸ਼ਾਹਕਾਰ 'ਨੇਕਡ ਅਮੰਗ ਵੁਲਵਜ਼' ਦਾ ਬੰਗਾਲੀ ਵਿੱਚ ਅਨੁਵਾਦ ਕੀਤਾ। ਉਹ ਕਵਿਤਾ ਨੂੰ ਪਿਆਰ ਕਰਦੇ ਸੀ ਤੇ ਕਾਜੀ ਨਜਰੁਲ ਇਸਲਾਮ ਅਤੇ ਰਾਬਿੰਦਰ ਨਾਥ ਟੈਗੋਰ ਨੂੰ ਪੜ੍ਹਦੇ ਤੇ ਸੁਣਾਉਂਦੇ ਸਨ।

ਮਾਰਚ 2000 ਨੂੰ ਉਹ ਸਾਨੂੰ ਸਦਾ ਲਈ ਵਿਛੋੜਾ ਦੇ ਗਏ। ਰਾਸ਼ਟਰਪਤੀ ਕੇ. ਆਰ. ਨਾਰਾਇਣਨ ਨੇ ਉਨ੍ਹਾ ਦੀ ਮੌਤ 'ਤੇ ਕਿਹਾ ਸੀ ਕਿ ਗੀਤਾ ਮੁਖਰਜੀ ਇੱਕ ਭਾਵੁਕ ਤੇ ਹਮਦਰਦ ਸਿਆਸੀ ਕਾਰਕੁਨ ਹਨ। ਉਹ ਨਾ ਸਿਰਫ ਕਮਿਊਨਿਸਟ ਲਹਿਰ ਵਿੱਚ ਸਗੋਂ ਦੇਸ਼ ਵਿੱਚ ਔਰਤਾਂ ਤੇ ਹੋਰ ਜਮਹੂਰੀ ਅੰਦੋਲਨਾਂ ਵਿੱਚ ਵੀ ਇੱਕ ਖਲਾਅ ਛੱਡ ਗਏ ਹਨ।

-ਐੱਮ ਐੱਸ ਭਾਟੀਆ, ਲੁਧਿਆਣਾ

ਕਾਤਰਾਂ

ਪ੍ਰਿਤਪਾਲ ਸਿੰਘ ਨੂੰ ਨਹੀਂ ਮਿਲੀ ਜ਼ਮਾਨਤ

ਮਾਨਸਾ (ਗੀਤਵਾਲ)-ਸਿੱਧੂ ਮੂਸੇਵਾਲਾ ਕਤਲ ਮਾਮਲੇ 'ਚ ਸਥਾਨਕ ਪੁਲਸ ਵੱਲੋਂ ਗ੍ਰਿਫ਼ਤਾਰ ਕੀਤਾ ਗੈਂਗਸਟਰ ਦੀਪਕ ਟੀਨੂੰ ਸੀ ਆਈ ਏ ਸਟਾਫ ਦੇ ਇੰਚਾਰਜ ਪ੍ਰਿਤਪਾਲ ਸਿੰਘ ਦੀ ਲਾਪ੍ਰਵਾਹੀ ਕਾਰਨ ਪੁਲਸ ਹਿਰਾਸਤ ਵਿੱਚੋਂ ਫਰਾਰ ਹੋ ਗਿਆ ਸੀ, ਜਿਸ 'ਤੇ ਪੁਲਸ ਨੇ ਸੀ.ਆਈ.ਏ. ਸਟਾਫ ਦੇ ਸਾਬਕਾ ਇੰਚਾਰਜ ਪ੍ਰਿਤਪਾਲ ਸਿੰਘ 'ਤੇ ਮਾਮਲਾ ਦਰਜ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਸੀ। ਉਸ ਵੱਲੋਂ ਆਪਣੀ ਜ਼ਮਾਨਤ ਲਈ ਲਗਾਈ ਦਰਖਾਸਤ 'ਤੇ ਸੁਣਵਾਈ ਕਰਦਿਆਂ ਅਦਾਲਤ ਨੇ

8-JAN-PAGE-9.qxd 1/7/2023 10:26 PM Page 1

ਜ਼ਿੰਦਗੀ ਦੀ ਬੜੀ ਔਖੀ ਘੜੀ ਗੁਜ਼ਾਰ ਰਹੀ ਕੈਂਸਰ ਪੀੜਤ ਔਰਤ ਨੇ ਲਗਾਈ ਮਦਦ ਦੀ ਗੁਹਾਰ

ਫਾਜ਼ਿਲਕਾ (ਕ੍ਰਿਸ਼ਨ ਸਿੰਘ)

ਫਾਜ਼ਿਲਕਾ ਜ਼ਿਲ੍ਹੇ ਦੇ ਪਿੰਡ ਨਵਾਂ ਸਲੇਮਸ਼ਾਹ ਨਿਵਾਸੀ ਇੱਕ ਔਰਤ ਨੇ ਆਪਣੇ ਕੈਂਸਰ ਦੇ ਇਲਾਜ ਲਈ ਮਦਦ ਦੀ ਗੁਹਾਰ ਲਗਾਈ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਪੀੜਤ ਔਰਤ ਬਿਮਲਾ ਰਾਣੀ ਨੇ ਦੱਸਿਆ ਕਿ ਕਰੀਬ ਇੱਕ ਸਾਲ ਪਹਿਲਾਂ ਉਸ ਨੂੰ ਰਸੌਲੀਆਂ ਹੋ ਗਈਆਂ ਸਨ, ਜਿਸ ਦਾ ਇਲਾਜ ਕਰਵਾਉਣ ਤੋਂ ਥੋੜ੍ਹੇ ਸਮੇਂ ਬਾਅਦ ਉਹ ਬੀਮਾਰ ਹੋ ਗਈ। ਇਸ ਤੋਂ ਬਾਅਦ ਸ਼ਹਿਰ ਦੇ ਵੱਖ ਵੱਖ ਹਸਪਤਾਲਾਂ ਵਿੱਚ ਇਲਾਜ ਕਰਵਾਇਆ ਗਿਆ, ਪਰ ਕੋਈ ਫਰਕ ਨਹੀਂ ਪਿਆ। ਇਸ ਤੋਂ ਬਾਅਦ ਜਦੋਂ ਉਹ ਸਿਵਲ ਹਸਪਤਾਲ ਫਾਜ਼ਿਲਕਾ ਗਏ ਤਾਂ ਉਥੋਂ ਦੇ ਡਾਕਟਰਾਂ ਨੇ ਉਸ ਨੂੰ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਰੈਫਰ ਕਰ ਦਿੱਤਾ, ਜਿੱਥੇ ਡਾਕਟਰਾਂ ਵੱਲੋਂ ਕੀਤੇ ਗਏ ਟੈਸਟਾਂ ਤੋਂ ਬਾਅਦ ਉਸ ਨੂੰ ਕੈਂਸਰ ਹੋਣ ਬਾਰੇ ਪਤਾ ਚੱਲਿਆ। ਇਸ ਤੋਂ ਬਾਅਦ ਕਾਫੀ ਸਮੇਂ ਤੱਕ ਉੱਥੇ ਉਸ ਦਾ ਇਲਾਜ ਚੱਲਿਆ। ਇਸ ਦੌਰਾਨ ਉਨ੍ਹਾਂ ਦਾ ਕਾਫੀ ਪੈਸਾ ਖਰਚ ਹੋ ਗਿਆ ਤੇ ਅਜੇ ਵੀ ਉਸ ਦਾ ਇਲਾਜ ਚੱਲਦਾ ਆ ਰਿਹਾ ਹੈ, ਜਿਸ ਕਾਰਨ ਉਨ੍ਹਾਂ ਦਾ ਹੋਰ ਵੀ ਕਾਫੀ ਪੈਸਾ ਖਰਚ ਹੋ ਰਿਹਾ ਹੈ।

ਉਸ ਨੇ ਦੱਸਿਆ ਕਿ ਉਨ੍ਹਾਂ ਦੇ ਘਰ ਵਿੱਚ ਕੋਈ ਕਮਾਉਣ ਵਾਲਾ ਨਹੀਂ ਹੈ। ਉਹ ਇਸ ਵੇਲੇ ਆਪਣੇ ਘਰ 'ਚ ਚਾਰ ਜੀ ਹਨ। ਉਸ ਦੇ ਤਿੰਨ ਬੱਚੇ ਹਨ, ਜਿਨ੍ਹਾਂ ਵਿੱਚੋਂ ਇੱਕ ਲੜਕੀ ਹੈ ਤੇ ਦੋ ਲੜਕੇ ਹਨ। ਲੜਕਿਆਂ ਵਿੱਚੋਂ ਵੱਡਾ ਲੜਕਾ ਅਕਾਸ਼ਦੀਪ 22 ਸਾਲਾਂ ਦਾ ਹੈ, ਜੋ ਅਪਾਹਜ ਹੈ ਤੇ ਕੋਈ ਕੰਮ ਕਰਨ 'ਚ ਅਸਮਰੱਥ ਹੈ ਅਤੇ ਛੋਟਾ ਲੜਕਾ ਸੰਦੀਪ ਸਾਢੇ ਪੰਦਰਾਂ ਕੁ ਸਾਲਾਂ ਦਾ ਹੈ, ਜਿਸ ਦੇ ਸਿਰ 'ਤੇ ਹੀ ਸਾਰਾ ਘਰ ਚੱਲ ਰਿਹਾ ਹੈ। ਉਸ ਦਾ ਘਰਵਾਲਾ ਕਿਸੇ ਹੋਰ ਔਰਤ ਦੇ ਚੱਕਰ 'ਚ ਉਸ ਨੂੰ ਛੱਡ ਕੇ ਘਰੋਂ ਚਲਾ ਗਿਆ ਸੀ ਅਤੇ ਅੱਜ ਤੱਕ ਉਸ ਨੇ ਨਾ ਤਾਂ ਉਸ ਦੀ ਤੇ ਨਾ ਹੀ ਆਪਣੇ ਬੱਚਿਆਂ ਦੀ ਕੋਈ ਸਾਰ ਲਈ। ਉਸ ਦਾ ਲੜਕਾ ਜਿੰਨਾ ਕੁ ਕਮਾ ਕੇ ਲਿਆਉਂਦਾ ਹੈ, ਉਹ ਉਸ ਦੇ ਇਲਾਜ 'ਤੇ ਖਰਚ ਹੋ ਜਾਂਦਾ ਹੈ ਅਤੇ ਬਾਕੀ ਘਰ ਦਾ ਗੁਜ਼ਾਰਾ ਕਰਨਾ ਔਖਾ ਹੋ ਜਾਂਦਾ ਹੈ।

ਉਨ੍ਹਾਂ ਕਿਹਾ ਕਿ ਕਈ ਵਾਰੀ ਉਸ ਨੇ ਕੁਝ ਪਿੰਡ ਦੇ ਲੋਕਾਂ ਜਾਂ ਰਿਸ਼ਤੇਦਾਰਾਂ ਤੋਂ ਪੈਸੇ ਮੰਗ ਕੇ ਜਾਂ ਉਧਾਰ ਲੈ ਕੇ ਇਲਾਜ ਕਰਵਾਇਆ, ਪਰ ਹੁਣ ਉਨ੍ਹਾਂ ਦੀ ਮਦਦ ਕੌਣ ਕਰੇਗਾ? ਇਸ ਲਈ ਉਨ੍ਹਾਂ ਨੂੰ ਆਪਣਾ ਘਰ ਦਾ ਗੁਜ਼ਾਰਾ ਕਰਨਾ ਵੀ ਔਖਾ ਹੋ ਰਿਹਾ ਹੈ ਤੇ ਇਲਾਜ ਤਾਂ ਕਰਵਾ ਹੀ ਨਹੀਂ ਸਕਦੇ, ਜਿਸ ਕਾਰਨ ਉਨ੍ਹਾਂ ਨੇ ਸਰਕਾਰ, ਆਮ ਲੋਕਾਂ, ਸਮਾਜ ਸੇਵਕਾਂ ਤੇ ਦਾਨੀ ਸੱਜਣਾਂ ਤੋਂ ਉਨ੍ਹਾਂ ਦੇ ਇਲਾਜ ਲਈ ਮਦਦ ਦੀ ਗੁਹਾਰ ਲਗਾਈ ਹੈ। ਬਿਮਲਾ ਰਾਣੀ ਨੇ ਕਿਹਾ ਹੈ ਕਿ ਕੋਈ ਵੀ ਉਸ ਦੇ ਪੰਜਾਬ ਨੈਸ਼ਨਲ ਬੈਂਕ ਦੇ ਖਾਤਾ ਨੰਬਰ 017400170018119 ਵਿੱਚ ਸਿੱਧੀ ਮੱਦਦ ਵੀ ਕਰ ਸਕਦਾ ਹੈ। ਉਨ੍ਹਾਂ ਨੇ ਦਾਨੀ ਸੱਜਣਾਂ ਤੋਂ ਇਸ ਖਾਤੇ ਰਾਹੀਂ ਉਨ੍ਹਾਂ ਦੀ ਮਦਦ ਕਰਨ ਦੀ ਅਪੀਲ ਕੀਤੀ ਹੈ, ਤਾਂਕਿ ਉਹ ਆਪਣਾ ਕੈਂਸਰ ਦਾ ਇਲਾਜ ਪੂਰਾ ਕਰਵਾ ਸਕਣ।

ਇੰਡੋ-ਨੇਪਾਲ ਅੰਤਰਰਾਸ਼ਟਰੀ ਖੇਡਾਂ 'ਚ ਰਾਮਇੰਦਰ ਸਿੰਘ ਨੇ ਜਿੱਤਿਆ ਸੋਨ ਤਮਗਾ

ਲੌਂਗੋਵਾਲ (ਪ੍ਰਦੀਪ ਸੱਪਲ, ਕੁਲਦੀਪ ਅੱਤਰੀ)-ਸਵ. ਮਾਸਟਰ ਤੇਜਵੰਤ ਸਿੰਘ ਸ਼ਾਹਪੁਰ ਦੇ ਦੋਹਤੇ ਪਿੰਡ ਘੋੜੇਨਬ ਦੇ ਨੌਜਵਾਨ ਨੇ ਨੇਪਾਲ 'ਚ ਹੋਈਆਂ ਇੰਡੋ-ਨੇਪਾਲ ਅੰਤਰਰਾਸ਼ਟਰੀ ਖੇਡਾਂ ਵਿਚ ਭਾਗ ਲੈਂਦਿਆਂ ਸਕੇਟਿੰਗ ਖੇਡ ਵਿਚ ਗੋਲਡ ਮੈਡਲ ਜਿੱਤ ਕੇ ਪੂਰੇ ਪੰਜਾਬ ਅਤੇ ਹਲਕੇ ਦਾ ਨਾਂਅ ਰੁਸ਼ਨਾਇਆ ਹੈ। ਰਾਮਇੰਦਰ ਸਿੰਘ ਪੁੱਤਰ ਮੰਗਾ ਸਿੰਘ ਲੋਹਚਮ ਜੋ ਕਿ ਅਕੈਡਮੀ ਹਾਈਟਸ ਪਬਲਿਕ ਸਕੂਲ ਖੋਖਰ ਵਿਖੇ ਨੌਵੀਂ ਜਮਾਤ ਦਾ ਵਿਦਿਆਰਥੀ ਹੈ ਨੇ ਇੰਡੋ-ਨੇਪਾਲ 'ਚ ਹੋਈਆਂ ਅੰਤਰਰਾਸ਼ਟਰੀ ਖੇਡਾਂ ਵਿਚ ਭਾਗ ਲੈਂਦਿਆਂ ਸਕੇਟਿੰਗ ਖੇਡਾਂ ਵਿਚ ਪਹਿਲਾ ਸਥਾਨ ਹਾਸਲ ਕਰਕੇ ਗੋਲਡ ਮੈਡਲ ਪ੍ਰਾਪਤ ਕੀਤਾ। ਇਸ ਸਮੇਂ ਕੋਚ ਬੇਅੰਤ ਸਿੰਘ, ਸਕੂਲ ਐਮ ਡੀ ਸੰਜੇ ਸਿੰਗਲਾ, ਪ੍ਰਿੰਸੀਪਲ ਰਾਸ਼ੂ ਅੱਗਰਵਾਲ ਅਤੇ ਪਰਵਾਰ ਨੂੰ ਵਧਾਈਆਂ ਦੇਣ ਵਾਲਿਆਂ ਵਿੱਚ ਹੰਸਰਾਜ ਸਿੰਘ ਰਿਟਾ. ਕਾਨੂੰਗੋ, ਚਮਕੌਰ ਸਿੰਘ ਚੇਅਰਮੈਨ ਸਰਬਸਾਂਝਾ ਵਿਚਾਰ ਮੰਚ, ਮਾਸਟਰ ਗੁਰਪ੍ਰੀਤ ਸਿੰਘ ਟੋਨੀ ਪ੍ਰਧਾਨ ਸਰਬਸਾਂਝਾ ਵਿਚਾਰ ਮੰਚ, ਨੌਜਵਾਨ ਯੂਥ ਆਗੂ ਮੱਖਣ ਸਿੰਘ ਸ਼ਾਹਪੁਰ, ਸੁਖਵੀਰ ਸਿੰਘ ਬਲਾਕ ਸੰਮਤੀ ਮੈਂਬਰ, ਮਲਕੀਤ ਸਿੰਘ ਸਰਪੰਚ, ਰਿਟਾਇਰਡ ਪੁਲਸ ਇੰਸਪੈਕਟਰ ਸੁਰਜੀਤ ਸਿੰਘ, ਸੁਖਜਿੰਦਰ ਸਿੰਘ ਸਾਬਕਾ ਸਰਪੰਚ, ਮਾਤਾ ਗੁਜਰੀ ਸਪੋਰਟਸ ਕਲੱਬ ਦੇ ਅਹੁਦੇਦਾਰ ਚਮਕੌਰ ਸਿੰਘ, ਮਾਸਟਰ ਗੁਰਿੰਦਰ ਸਿੰਘ, ਮਨਜੀਤ ਸਿੰਘ, ਸੂਬੇਦਾਰ ਗੁਰਸੇਵਕ ਸਿੰਘ ਫੌਜੀ ਜਗਪਾਲ ਸਿੰਘ ਨੰਬਰਦਾਰ, ਗੁਰਭਗਤ ਸਿੰਘ ਕਿਸਾਨ ਆਗੂ, ਗੁਰਮੇਲ ਸਿੰਘ ਕਿਸਾਨ ਆਗੂ, ਪ੍ਰਮਆਤਮਾ ਸਿੰਘ ਸਾਬਕਾ ਬਲਾਕ ਸੰਮਤੀ ਮੈਂਬਰ, ਮੱਖਣ ਸਿੰਘ ਢੀਂਡਸਾ, ਬਲਵਿੰਦਰ ਸ਼ਰਮਾ, ਪਰਮਿੰਦਰ ਸਿੰਘ ਪੱਪੂ, ਸੁਖਚੈਨ ਸਿੰਘ ਸੁਸਾਇਟੀ ਮੈਂਬਰ, ਮਲਕੀਤ ਸਿੰਘ ਗਾਂਧੀ, ਗੁਰਦੇਵ ਸਿੰਘ ਲੱਖਾ ਸਾਬਕਾ ਸਰਪੰਚ, ਰਾਮ ਸਿੰਘ ਟਰਾਂਸਪੋਰਟਰ, ਮੁਖਤਿਆਰ ਅਲੀ, ਰਾਜ ਸ਼ਰਮਾ, ਬੀਰਬਲ ਸਿੰਘ, ਜਗਦੇਵ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਅਤੇ ਇਲਾਕਾ ਨਿਵਾਸੀ ਮੌਜੂਦ ਸਨ।

ਸਬ-ਤਹਿਸੀਲ 'ਚ ਪਟਾਵਰਖਾਨੇ ਨੇ ਧਾਰਿਆ ਕਬਾੜ ਦਾ ਰੂਪ

ਮਾਨਸਾ (ਗੀਤਵਾਲ)-ਜ਼ਿਲ੍ਹੇ ਦੇ ਕਸਬਾ ਝੁਨੀਰ ਦੀ ਸਬ ਤਹਿਸੀਲ ਸਹੂਲਤਾਂ ਤੋਂ ਸੱਖਣੀ ਚੱਲਦੀ ਆ ਰਹੀ ਹੈ। ਬਲਾਕ ਦੇ ਦਰਜਨਾਂ ਪਿੰਡਾਂ ਦੇ ਲੋਕਾਂ ਦਾ ਰੋਜ਼ਾਨਾ ਇਥੇ ਆਪਣੇ ਕੰਮ ਧੰਦਿਆਂ ਲਈ ਆਉਣਾ ਜਾਣਾ ਲੱਗਾ ਰਹਿੰਦਾ ਹੈ ਪਰੰਤੂ ਇੱਥੇ ਸਹੂਲਤ ਨਾਂ ਦੀ ਕੋਈ ਚੀਜ਼ ਨਹੀ ਹੈ। ਲੱਖਾਂ ਰੁਪਏ ਲਗਾ ਕੇ ਪਿਛਲੀ ਸਰਕਾਰ ਵੱਲੋਂ ਆਮ ਲੋਕਾਂ ਦੇ ਕੰਮ ਧੰਦਿਆਂ ਨੂੰ ਸੌਖਾ ਕਰਨ ਲਈ ਸਬ ਤਹਿਸੀਲ ਵਿਖੇ ਹੀ ਪਟਵਾਰਖਾਨੇ ਦੀ ਨਵੀਂ ਬਿਲਡਿੰਗ ਤਿਆਰ ਕੀਤੀ ਗਈ ਸੀ ਪ੍ਰੰਤੂ ਇਸ ਪਟਵਾਰਖ਼ਾਨੇ 'ਚ ਪਟਵਾਰੀਆਂ ਦੇ ਨਾ ਬੈਠਣ ਕਾਰਨ ਆਮ ਲੋਕਾਂ ਨੂੰ ਦੂਰ ਦੁਰਾਡੇ ਖੰਡਰ ਪਈ ਬਿਲਡਿੰਗ ਵਿਚ ਪਟਵਾਰੀਆਂ ਕੋਲ ਜਾ ਕੇ ਆਪਣਾ ਕੰਮ ਕਰਵਾਉਣਾ ਪੈ ਰਿਹਾ ਹੈ। ਕਈ ਵਾਰ ਸੰਬੰਧਤ ਵਿਭਾਗ ਦੇ ਇਹ ਸਮੱਸਿਆ ਧਿਆਨ ਵਿੱਚ ਲਿਆਦੀ ਗਈ ਹੈ, ਪ੍ਰੰਤੂ ਕੋਈ ਅਸਰ ਨਹੀ ਹੋਇਆ। ਇਸ ਬਿਲਡਿੰਗ ਨੂੰ ਲਵਾਰਿਸ ਛੱਡ ਰੱਖੀਆ ਹੈ। ਕੋਈ ਵੀ ਪਟਵਾਰੀ ਏਥੇ ਬੈਠ ਕੇ ਰਾਜ਼ੀ ਨਹੀਂ। ਪਿੰਡਾਂ ਦੇ ਲੋਕਾਂ ਦਾ ਦਿਨਾਂ ਦਾ ਕੰਮ ਮਹੀਨਿਆਂ ਵਿੱਚ ਹੋ ਰਿਹਾ ਹੈ। ਲੋੜ ਹੈ ਜਿਲ੍ਹਾ ਪ੍ਰਸ਼ਾਸ਼ਨ ਨੂੰ ਇਸ ਸਮੱਸਿਆ ਵੱਲ ਤੁਰੰਤ ਧਿਆਨ ਦੇਣ ਦੀ।

ਕਿਸਾਨ ਆਗੂ ਬਲਵੀਰ ਸਿੰਘ ਝੰਡੂਕੇ, ਸਰਪੰਚ ਗੁਰਮੀਤ ਸਿੰਘ ਨੰਦਗੜ੍ਹ ਨੇ ਮੰਗ ਕੀਤੀ ਹੈ ਕਿ ਪਟਵਾਰੀਆਂ ਦਾ ਬੈਠਣਾ ਯਕੀਨੀ ਬਣਾਇਆ ਜਾਵੇ। ਜਦ ਇਸ ਸੰਬੰਧੀ ਨਾਇਬ ਤਸੀਲਦਾਰ ਝਨੀਰ ਦਰਸ਼ਨ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਇਹ ਬਿਲਡਿੰਗ ਕੰਡਮ ਹੋ ਚੁੱਕੀ ਹੈ। ਇਸ ਲਈ ਏਥੇ ਕੋਈ ਪਟਵਾਰੀ ਨਹੀਂ ਬੈਠਦਾ। ਇਸ ਸੰਬੰਧੀ ਉਪਰ ਲਿਖ ਕੇ ਵੀ ਭੇਜਿਆ ਜਾ ਚੁੱਕਾ ਹੈ।

ਕਾਤਰਾਂ

ਬੱਸ 'ਚੋਂ ਮਿਲੇ ਬੈਗ 'ਚੋਂ ਦੋ ਕਿੱਲੋ ਅਫ਼ੀਮ ਬਰਾਮਦ

ਮਲੋਟ (ਗੁਰਮੀਤ ਸਿੰਘ ਮੱਕੜ)-ਥਾਣਾ ਕਬਰਵਾਲਾ ਪੁਲਸ ਨੇ 2 ਕਿੱਲੋ ਅਫ਼ੀਮ ਬਰਾਮਦ ਕਰਕੇ ਅਣਪਛਾਤੇ ਵਿਅਕਤੀ 'ਤੇ ਮਾਮਲਾ ਦਰਜ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਕਾਰਜ ਸਿੰਘ ਵਾਸੀ ਕੱਟਿਆਂਵਾਲੀ ਨਾਗਪਾਲ ਟਰਾਂਸਪੋਰਟ ਵਿੱਚ ਬੱਸ ਕੰਡਕਟਰ ਲੱਗਾ ਹੋਇਆ ਹੈ ਅਤੇ ਜਦੋਂ ਉਹ ਦੁਪਹਿਰ ਕਰੀਬ 3 ਵਜੇ ਮਲੋਟ ਨੂੰ ਚੱਲਿਆ ਤਾਂ ਬੱਸ ਅੱਡਾ ਪਿੰਡ ਕੱਟਿਆਂਵਾਲੀ ਵਿਖੇ ਬੱਸ ਰੁਕਣ 'ਤੇ ਕੁੱਝ ਸਵਾਰੀਆਂ ਉੱਤਰੀਆਂ ਤਾਂ ਬੱਸ ਚੱਲਣ 'ਤੇ ਇੱਕ ਕਾਲਾ ਬੈਗ ਪਿਆ ਸੀ, ਜਦੋਂ ਉਸ ਨੇ ਸਵਾਰੀਆਂ ਨੂੰ ਪੁੱਛਿਆ ਤਾਂ ਕੋਈ ਵੀ ਉਸ ਬੈਗ ਦਾ ਮਾਲਕ ਬਣਨ ਲਈ ਤਿਆਰ ਨਹੀਂ ਸੀ ਤਾਂ ਬੈਗ ਵਿੱਚ ਕੋਈ ਸ਼ੱਕੀ ਵਸਤੂ ਜਾਪਣ 'ਤੇ ਉਸ ਨੇ ਬੈਗ ਥਾਣੇ ਲਿਆ ਕੇ ਪੇਸ਼ ਕੀਤਾ, ਜਿਸ ਵਿੱਚੋਂ 2 ਕਿਲੋਗ੍ਰਾਮ ਅਫ਼ੀਮ ਬਰਾਮਦ ਹੋਈ। ਪੁਲਸ ਨੇ ਅਣਪਛਾਤੇ ਵਿਅਕਤੀ 'ਤੇ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਚਿੱਟੇ ਤੇ ਸ਼ਰਾਬ ਸਮੇਤ 2 ਕਾਬੂ

ਬੁਢਲਾਡਾ (ਅਸ਼ੋਕ ਲਾਕੜਾ)-ਥਾਣਾ ਸਿਟੀ ਬੁਢਲਾਡਾ ਦੇ ਏ ਐੱਸ ਆਈ ਪਰਮਜੀਤ ਸਿੰਘ ਵੱਲੋਂ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਸ਼ਹਿਰ ਦੇ ਲੜਕਿਆਂ ਵਾਲੇ ਸਕੂਲ ਦੀ ਕੰਧ ਦੇ ਨਾਲ ਜਾਂਦੀ ਗਲੀ 'ਚ ਇੱਕ ਨੌਜਵਾਨ ਨੂੰ ਰੋਕਣ 'ਤੇ ਸੁਰਿੰਦਰ ਕੁਮਾਰ ਵਾਸੀ ਵਾਰਡ ਨੰਬਰ 13 ਬੁਢਲਾਡਾ ਨੂੰ 6 ਗ੍ਰਾਮ ਹੈਰੋਇਨ (ਚਿੱਟਾ) ਸਮੇਤ ਗ੍ਰਿਫਤਾਰ ਕੀਤਾ ਹੈ। ਜਾਣਕਾਰੀ ਦਿੰਦਿਆਂ ਥਾਣਾ ਸਿਟੀ ਐੱਸ ਐੱਚ ਓ ਬੂਟਾ ਸਿੰਘ ਨੇ ਦੱਸਿਆ ਕਿ ਉਕਤ ਵਿਅਕਤੀ ਖਿਲਾਫ ਥਾਣਾ ਸਿਟੀ ਬੁਢਲਾਡਾ ਵਿਖੇ ਪਰਚਾ ਦਰਜ ਕੀਤਾ ਗਿਆ ਹੈ। ਇਸ ਤੋਂ ਇਲਾਵਾ ਦਰਸ਼ਨ ਸਿੰਘ ਸਮੇਤ ਪੁਲਸ ਪਾਰਟੀ ਫੁਹਾਰਾ ਚੌਕ ਬੁਢਲਾਡਾ ਵਿਖੇ ਮੌਜੂਦ ਸੀ ਤਾਂ ਮੁਖਬਰ ਨੇ ਇਤਲਾਹ ਦਿੱਤੀ ਕਿ ਕੇਵਲ ਵਾਸੀ ਵਾਰਡ ਨੰਬਰ 11 ਬੁਢਲਾਡਾ, ਜੋ ਸ਼ਰਾਬ ਠੇਕਾ ਦੇਸੀ ਹਰਿਆਣਾ ਵੇਚਣ ਦਾ ਆਦੀ ਹੈ, ਹੁਣ ਵੀ ਆਪਣੇ ਘਰ ਅੱਗੇ ਬੈਠਾ ਸ਼ਰਾਬ ਵੇਚ ਰਿਹਾ ਹੈ, ਜਿਸ 'ਤੇ ਪੁਲਸ ਨੇ ਉਸ ਦੇ ਘਰ ਰੇਡ ਕਰਕੇ ਉਸ ਪਾਸੋਂ 22 ਬੋਤਲਾਂ ਸ਼ਰਾਬ ਠੇਕਾ ਦੇਸੀ ਮਾਰਕਾ ਹੀਰ ਸੌਫੀ ਹਰਿਆਣਾ ਬ੍ਰਾਮਦ ਹੋਈਆਂ ਤੇ ਕੇਵਲ ਨੂੰ ਗ੍ਰਿਫਤਾਰ ਕੀਤਾ ਗਿਆ।

ਵਕੀਲਾਂ ਵੱਲੋਂ ਹੰਪ ਬਣਾਉਣ ਦੀ ਮੰਗ

ਤਲਵੰਡੀ ਸਾਬੋ (ਜਗਦੀਪ ਗਿੱਲ)-ਬਾਰ ਐਸੋਸੀਏਸ਼ਨ ਤੇ ਮੁਨਸ਼ੀ ਯੂਨੀਅਨ ਕੋਰਟ ਕੰਪਲੈਕਸ ਤਲਵੰਡੀ ਸਾਬੋ ਵੱਲੋਂ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਵਰਿੰਦਰ ਸਿੰਘ ਢਿੱਲੋਂ ਦੀ ਅਗਵਾਈ ਹੇਠ ਐੱਸ.ਡੀ.ਐੱਮ. ਤਲਵੰਡੀ ਸਾਬੋ ਗਗਨਦੀਪ ਸਿੰਘ ਨੂੰ ਤਹਿਸੀਲ ਕੰਪਲੈਕਸ ਦੇ ਮੇਨ ਗੇਟ ਅੱਗੇ ਰੋੜੀ ਰੋਡ ਦੇ ਦੋਵੇਂ ਪਾਸੇ ਹੰਪ ਬਣਾਉਣ ਲਈ ਮੰਗ ਪੱਤਰ ਦਿੱਤਾ ਗਿਆ। ਬਾਰ ਐਸੋਸੀਏਸ਼ਨ ਦੇ ਪ੍ਰਧਾਨ ਐਡਵੋਕੇਟ ਵਰਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਕੋਰਟ ਕੰਪਲੈਕਸ ਤਹਿਸੀਲ ਕੰਪਲੈਕਸ ਦੇ ਮੇਨ ਗੇਟ ਅੱਗੇ ਕਾਫੀ ਗਿਣਤੀ ਵਿੱਚ ਰੋਜ਼ਾਨਾ ਵਹੀਕਲ ਬਾਹਰ ਨਿਕਲਦੇ ਹਨ ਤੇ ਕੰਪਲੈਕਸ ਦੇ ਅੰਦਰ ਆਉਂਦੇ ਹਨ, ਖਾਸ ਕਰਕੇ ਇਨ੍ਹਾਂ ਵਹੀਕਲਾਂ ਦੇ ਸੜਕ ਕਰਾਸ ਕਰਨ ਸਮੇਂ ਅਕਸਰ ਕੋਈ ਘਟਨਾ ਵਾਪਰਣ ਦਾ ਡਰ ਬਣਿਆ ਰਹਿੰਦਾ ਹੈ ਤੇ ਪਹਿਲਾਂ ਵੀ ਹਾਦਸੇ ਵਾਪਰ ਚੁੱਕੇ ਹਨ। ਉਨ੍ਹਾ ਕਿਹਾ ਕਿ ਉਕਤ ਨੂੰ ਧਿਆਨ ਵਿੱਚ ਰੱਖਦੇ ਹੋਏ ਕੰਪਲੈਕਸ ਦੇ ਮੇਨ ਗੇਟ ਅੱਗੇ ਰੋੜੀ ਰੋਡ 'ਤੇ ਦੋਵੇਂ ਪਾਸੇ ਹੰਪ ਬਣਾਏ ਜਾਣ। ਇਸ ਮੌਕੇ ਵਕੀਲ ਸਾਹਿਬਾਨ ਤੇ ਮੁਨਸ਼ੀ ਯੂਨੀਅਨ ਦੇ ਮੈਂਬਰ ਹਾਜ਼ਰ ਸਨ।

ਟਰਾਂਸਫ਼ਾਰਮਰ ਦੇ ਚੋਰੀ ਦੇ ਸਾਮਾਨ ਸਮੇਤ 7 ਕਾਬੂ

ਮਲੋਟ (ਗੁਰਮੀਤ ਸਿੰਘ ਮੱਕੜ)-ਸਥਾਨਕ ਪੁਲਸ ਨੇ ਟਰਾਂਸਫਾਰਮਰ ਦੇ ਚੋਰੀ ਦੇ ਸਾਮਾਨ ਸਮੇਤ 7 ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਪਾਰਟੀ ਨੂੰ ਗੁਪਤ ਸੂਚਨਾ ਮਿਲੀ ਕਿ ਪ੍ਰਕਾਸ਼ ਰਾਮ ਵਾਸੀ ਫਤੂਹੀ ਖੇੜਾ, ਪਿੰਦਰ, ਜਗਸੀਰ ਸਿੰਘ, ਰਾਜ ਸਿੰਘ, ਬੁੱਧ ਸਿੰਘ, ਮਨਪ੍ਰੀਤ ਸਿੰਘ ਵਾਸੀ ਤੱਪਾ ਖੇੜਾ, ਰਵੀ ਵਾਸੀ ਆਧਨੀਆਂ ਖੇਤਾਂ ਵਿੱਚੋਂ ਟਰਾਂਸਫਾਰਮਰ, ਬਿਜਲੀ ਦੀਆਂ ਤਾਰਾਂ, ਮੋਟਰਾਂ ਤੇ ਪੱਖੇ ਚੋਰੀ ਕਰਕੇ ਅੱਗੇ ਵੇਚਣ ਦੇ ਆਦੀ ਹਨ, ਜੋ ਕਿ ਅੱਜ ਪਿੰਡ ਆਧਨੀਆਂ ਨਹਿਰ ਦੀ ਪੱਟੜੀ ਮਾਹੂਆਣਾ ਸਾਈਡ ਬਾੜਾਂ ਵਿੱਚ ਲੁੱਕ ਕੇ ਬੈਠੇ ਹਨ ਤੇ ਚੋਰੀ ਕਰਨ ਦੀ ਸਲਾਹ ਕਰ ਰਹੇ ਹਨ ਤਾਂ ਪੁਲਸ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਛਾਪੇਮਾਰੀ ਕਰਕੇ ਉਕਤ ਵਿਅਕਤੀਆਂ ਨੂੰ ਟਰਾਂਸਫ਼ਾਰਮਰ ਦੇ ਸਾਮਾਨ, ਜਿਸ ਦੀ ਕੁੱਲ ਮਲਕੀਤੀ 35 ਹਜ਼ਾਰ ਰੁਪਏ ਬਣਦੀ ਹੈ, ਸਮੇਤ ਕਾਬੂ ਕਰ ਲਿਆ। ਪੁਲਸ ਨੇ ਉਕਤ ਵਿਅਕਤੀਆਂ 'ਤੇ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਖਤਰਾ-ਏ-ਜਾਨ ਪੁਲ ਕੇ ਨੀਚੇ ਦੁਕਾਨ

ਉਸਾਰੀ ਅਧੀਨ ਫਲਾਈਓਵਰ ਹੇਠਾਂ ਦੁਕਾਨਾਂ, ਆਟੋ ਰਿਕਸ਼ਾ ਸਟੈਂਡ ਬਣਿਆ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)-ਜਲਾਲਾਬਾਦ ਰੋਡ 'ਤੇ ਉਸਾਰੀ ਅਧੀਨ ਫਲਾਈਓਵਰ ਤਕਰੀਬਨ ਚਾਰ ਸਾਲ ਤੋਂ ਉਸਾਰੀ ਅਧੀਨ ਹੈ, ਜਿਸ ਦੀ ਲੰਬਾਈ 690 ਮੀਟਰ ਹੈ ਤੇ ਇਸ ਪੁਲ 'ਤੇ ਤਰਕੀਬਨ 37 ਕਰੋੜ ਰੁਪਏ ਖਰਚ ਹੋਣਾ ਹੈ। ਰੇਲਵੇ ਨੇ ਆਪਣੇ ਹਿੱਸੇ ਦਾ ਪੁਲ 31 ਅਕਤੂਬਰ 2021 ਨੂੰ ਮੁਕੰਮਲ ਕਰ ਦਿੱਤਾ ਸੀ, ਪਰ ਲੋਕ ਨਿਰਮਾਣ ਵਿਭਾਗ ਵੱਲੋਂ ਪੰਜਾਬ ਦੇ ਹਿੱਸੇ ਦਾ ਪੁਲ ਚਾਰ ਸਾਲ ਬੀਤਣ ਦੇ ਬਾਵਜੂਦ ਮੁਕੰਮਲ ਨਹੀਂ ਹੋਇਆ। ਇਹ ਪੁਲ ਲੋਕਾਂ ਲਈ ਜੀ ਦਾ ਜ਼ੰਜਾਲ ਬ

8-JAN-PAGE-1.qxd 1/7/2023 10:14 PM Page 2

ਡਾ. ਵਿਸ਼ਾਲ ਕੁਮਾਰ ਗੋਲਡ ਮੈਡਲ ਨਾਲ ਸਨਮਾਨਤ

ਮੋਗਾ (ਅਮਰਜੀਤ ਬੱਬਰੀ)-ਸੂਬੇ ਦੀ ਪ੍ਰਮੁੱਖ ਵਿੱਦਿਅਕ ਸੰਸਥਾ ਆਈ.ਐੱਸ.ਐੱਫ. ਕਾਲਜ ਆਫ ਫਾਰਮੇਸੀ ਵਿਖੇ ਤਾਇਨਾਤ ਰਿਸਰਚ ਸਕਾਲਰ ਵਿਸ਼ਾਲ ਕੁਮਾਰ ਡਿਪਾਰਟਮੈਂਟ ਆਫ ਫਾਰਮਾਕੋਲਾਜੀ ਨੂੰ ਕਾਨਫਰੰਸ ਵਿਖੇ ਪੇਪਰ ਪੇਸ਼ ਕਰਨ 'ਤੇ ਗੋਲਡ ਮੈਡਲ ਨਾਲ ਸਨਮਾਨਤ ਕੀਤਾ ਗਿਆ। ਸੰਸਥਾ ਦੇ ਵਾਈਸ ਪ੍ਰਿੰਸੀਪਲ ਡਾ. ਆਰ. ਕੇ. ਨਾਰੰਗ ਨੇ ਦੱਸਿਆ ਕਿ ਡਾ. ਵਿਸ਼ਾਲ ਕੁਮਾਰ, ਜੋ ਕਿ ਡਾ. ਆਰਤੀ ਸਿੰਘ ਦੀ ਦੇਖ-ਰੇਖ ਹੇਠ ਰਿਸਰਚ ਕੰਮ ਕਰ ਰਿਹਾ ਹੈ, ਨਿਊਰੋਪ੍ਰੋਟੇਕਟਿਵ ਜ਼ੈਬਰਾ ਮਾਡਲ ਤੇ ਆਪਣੇ ਰਿਸਰਚ ਕੰਮ ਨੂੰ ਪੰਜਵੀਂ ਸਾਲਾਨਾ ਕਾਨਫਰੰਸ ਸੁਸਾਇਟੀ ਫਾਰ ਅਲਟਰਨੇਟ ਟੂ ਐਨੀਮਲ ਐਕਸਪੈਰੀਮੈਂਟ ਇੰਡੀਆ, ਜੋ ਕਿ ਕੇਰਲਾ ਵਿਖੇ ਕੀਤੀ ਗਈ ਸੀ, ਵਿਚ ਓਰਲ ਪ੍ਰੈਜ਼ੈਂਟੇਸ਼ਨ ਵਿੱਚ ਪੇਸ਼ ਕਰਦੇ ਪਹਿਲਾ ਗੋਲਡ ਮੈਡਲ ਦਾ ਸਥਾਨ ਹਾਸਲ ਕੀਤਾ। ਇਸ ਉਪਲਬਧੀ 'ਤੇ ਵਿਸ਼ਾਲ ਕੁਮਾਰ ਤੇ ਡਾ. ਆਰਤੀ ਸਿੰਘ ਨੂੰ ਸੰਸਥਾ ਦੇ ਚੇਅਰਮੈਨ ਪ੍ਰਵੀਨ ਗਰਗ, ਸੈਕਰਟੀ ਇੰਜੀ. ਜਨੇਸ਼ ਗਰਗ, ਡਾ. ਮੁਸਕਾਨ ਗਰਗ, ਡਾਇਰੈਕਟਰ ਡਾ. ਜੀ. ਡੀ. ਗੁਪਤਾ, ਵਾਈਸ ਪ੍ਰਿੰਸੀਪਲ ਡਾ. ਆਰ. ਕੇ. ਨਾਰੰਗ, ਡਾ. ਸ਼ਮਸ਼ੇਰ ਸਿੰਘ ਤੇ ਸਮੂਹ ਫੈਕਲਿਟੀ ਨੇ ਵਧਾਈ ਦਿੱਤੀ।

ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮਨਾਇਆ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵਿਖੇ ਬੜੀ ਧੂਮ-ਧਾਮ ਤੇ ਉਤਸ਼ਾਹ ਨਾਲ ਮਨਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਸਮਾਗਮ ਵਿੱਚ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜੀਗਰ ਨੇ ਸ਼ਿਰਕਤ ਕੀਤੀ। ਸੰਗਤ ਨੂੰ ਸੰਬੋਧਨ ਕਰਦਿਆਂ ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜੀਗਰ ਨੇ ਕਿਹਾ ਕਿ ਗੁਰੂ ਸਾਹਿਬ ਜੀ ਦਾ ਜਨਮ ਦਿਹਾੜਾ ਦੁਨੀਆ ਭਰ 'ਚ ਸ਼ਰਧਾ ਤੇ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ ਤੇ ਸਾਨੂੰ ਗੁਰੂ ਸਾਹਿਬਾਨਾਂ ਵੱਲੋਂ ਦਰਸਾਏ ਸੱਚੇ ਮਾਰਗ 'ਤੇ ਚੱਲਣਾ ਚਾਹੀਦਾ ਹੈ। ਅੰਤ 'ਚ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਧਾਇਕ ਕੁਲਵੰਤ ਸਿੰਘ ਬਾਜੀਗਰ ਨੂੰ ਸਿਰੋਪਾਓ ਤੇ ਸਿਰੀ ਸਾਹਿਬ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਟਰੱਕ ਯੂਨੀਅਨ ਪਾਤੜਾਂ ਰਣਜੀਤ ਸਿੰਘ ਵਿਰਕ, ਸੀਨੀਅਰ ਮੀਤ ਪ੍ਰਧਾਨ ਸੋਨੀ ਜਲੂਰ, ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਕਰਮਜੀਤ ਸਿੰਘ ਕਾਲੇਕਾ, ਸਰਪੰਚ ਗੁਲਾਬ ਸਿੰਘ, ਸਰਪੰਚ ਕਰਨੈਲ ਸਿੰਘ, ਚੇਅਰਮੈਨ ਸੁਖਜੀਤ ਸਿੰਘ ਕਾਲੇਕਾ, ਮਹਿੰਗਾ ਸਿੰਘ ਬਰਾੜ, ਸੁਰਜੀਤ ਸਿੰਘ ਫੌਜੀ, ਮਦਨ ਲਾਲ ਪਾਤੜਾਂ, ਕੁਲਦੀਪ ਸਿੰਘ ਥਿੰਦ, ਲਾਭ ਸਿੰਘ ਡਰੌਲੀ, ਗੁਰਪਿੰਦਰ ਸਿੰਘ ਕਾਲੇਕਾ, ਜੋਗਿੰਦਰ ਸਿੰਘ ਭੁੱਲਰ ਤੋਂ ਇਲਾਵਾ ਭਾਰੀ ਗਿਣਤੀ 'ਚ ਸੰਗਤ ਹਾਜ਼ਰ ਸੀ।

ਪੋਸ਼ਣ ਅਭਿਆਨ ਤਹਿਤ ਰਾਸ਼ਨ ਕਿੱਟਾਂ ਵੰਡੀਆਂ

ਜਲਾਲਾਬਾਦ (ਦਹੂਜਾ)-ਮਾਨਯੋਗ ਸਿਵਿਲ ਸਰਜਨ ਫਾਜ਼ਿਲਕਾ ਦੀਆਂ ਹਦਾਇਤਾਂ ਅਨੁਸਾਰ ਸਿਵਿਲ ਹਸਪਤਾਲ ਜਲਾਲਾਬਾਦ ਵਿਖੇ ਐੱਸ ਐੱਮ ਓ ਡਾਕਟਰ ਸੁਮੀਤ ਲੂਣਾ ਤੇ ਡਾਕਟਰ ਨੀਲੂ ਚੁੱਘ ਜ਼ਿਲ੍ਹਾ ਟੀ ਬੀ ਅਫਸਰ ਨੇ ਮਨੁੱਖਤਾ ਦੀ ਸੇਵਾ ਤੇ ਏਕੋ ਸੇਵਰ ਕਲੱਬ ਸਮਾਜ ਸੇਵੀ ਸੰਸਥਾਵਾਂ ਨਾਲ ਮਿਲ ਕੇ ਟੀ ਬੀ ਦੇ ਮਰੀਜ਼ਾਂ ਨੂੰ ਮਹੀਨਾ ਵਾਰ ਰਾਸ਼ਨ ਦੀਆਂ ਕਿੱਟਾਂ ਵੰਡੀਆਂ। ਜ਼ਿਲ੍ਹਾ ਟੀ ਬੀ ਅਫਸਰ ਡਾਕਟਰ ਨੀਲੂ ਚੁੱਘ ਨੇ ਆਏ ਹੋਏ ਮਰੀਜ਼ਾਂ ਨੂੰ ਅਪੀਲ ਕੀਤੀ ਕਿ ਦਵਾਈ ਸਮੇਂ ਸਿਰ ਜ਼ਰੂਰ ਖਾਣ ਤੇ ਪੂਰੀ ਤਰ੍ਹਾਂ ਪੌਸ਼ਟਿਕ ਭੋਜਨ ਖਾਣ ਤਾਂ ਜੋ ਟੀ ਬੀ ਜਲਦੀ ਠੀਕ ਹੋ ਸਕੇ। ਅੱਜ ਸਿਵਿਲ ਹਸਪਤਾਲ ਜਲਾਲਾਬਾਦ ਵਿਖੇ ਸਮਾਜ ਸੇਵੀ ਸੰਸਥਾਵਾਂ ਮਨੁੱਖਤਾ ਦੀ ਸੇਵਾ ਸਰਬੱਤ ਦਾ ਭਲਾ ਵੱਲੋਂ ਡਾਕਟਰ ਰਾਜ ਮਹਿਰੋਕ ਤੇ ਡਾਕਟਰ ਸਤਨਾਮ ਥਿੰਦ ਤੇ ਏਕੋ ਸੇਵਰ ਕਲੱਬ ਵੱਲੋਂ ਮਾਸਟਰ ਪ੍ਰਭਦੀਪ ਸਿੰਘ ਗੁੰਬਰ ਤੇ ਪ੍ਰਦੀਪ ਕੁਮਾਰ ਅਜੇ ਕੰਬੋਜ਼ ਜ਼ਿਲ੍ਹਾ ਟੀ ਬੀ ਕਲੀਨਿਕ ਵੱਲੋਂ ਮਲਕੀਤ ਸਿੰਘ ਐੱਸ ਟੀ ਐੱਸ ਤੇ ਸੰਦੀਪ ਸਿੰਘ ਐੱਸ ਟੀ ਐੱਸ ਸਿਵਲ ਹਸਪਤਾਲ ਜਲਾਲਾਬਾਦ ਵਿੱਚੋਂ ਰਮੇਸ਼ ਲਾਡੀ ਟੀ ਬੀ ਕਲੀਨਿਕ ਤੇ ਮਰੀਜ਼ ਹਾਜ਼ਰ ਸਨ। ਡਾਕਟਰ ਨੀਲੂ ਚੁੱਘ ਜਿਸ ਤਰ੍ਹਾਂ ਫਾਜ਼ਿਲਕਾ ਟੀ ਬੀ ਮਰੀਜ਼ਾਂ ਦਾ ਚੈੱਕਅੱਪ ਕਰਦੇ ਹਨ, ਓਸੇ ਤਰ੍ਹਾਂ ਹੀ ਅੱਜ ਸਿਵਲ ਹਸਪਤਾਲ ਜਲਾਲਾਬਾਦ ਵਿਖੇ ਮਰੀਜ਼ਾਂ ਦਾ ਚੈੱਕਅਪ ਕਰਦੇ ਹੋਏ ਮਰੀਜ਼ਾਂ ਨੂੰ ਦੱਸਿਆ ਕਿ 2025 ਵਿੱਚ ਟੀ ਬੀ ਮੁਕਤ ਭਾਰਤ ਕਰਨਾ ਹੈ।

ਧਾਰਮਿਕ ਸਮਾਗਮ ਕਰਵਾਉਣਾ ਸਮੇਂ ਦੀ ਮੁੱਖ ਲੋੜ : ਚਹਿਲ

ਭੀਖੀ (ਧਰਮਵੀਰ ਸ਼ਰਮਾ)-ਸ਼੍ਰੀ ਸ਼ਿਆਮ ਸੇਵਾ ਮੰਡਲ ਤੇ ਵੈੱਲਫੇਅਰ ਕਮੇਟੀ ਭੀਖੀ ਵੱਲੋਂ ਪਹਿਲਾ ਸ਼੍ਰੀ ਸ਼ਿਆਮ ਜਾਗਰਣ ਸਥਾਨਕ ਸ਼ਿਵ ਮੰਦਰ ਵਿਖੇ ਧੂਮ ਧਾਮ ਨਾਲ ਕਰਵਾਇਆ ਗਿਆ। ਇਸ ਮੌਕੇ ਯੂਥ ਕਾਂਗਰਸ ਆਗੂ ਚੁਸਪਿੰਦਰਵੀਰ ਸਿੰਘ ਚਹਿਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਤੇ ਸਮਾਗਮ ਦੀ ਪ੍ਰਧਾਨਗੀ ਮਾਤਾ ਸੱਤਿਅਮ ਦੇਵਾ ਜੀ ਨੇ ਕੀਤੀ। ਇਸ ਮੌਕੇ ਬੋਲਦਿਆਂ ਚੁਸਪਿੰਦਰਵੀਰ ਸਿੰਘ ਚਹਿਲ ਨੇ ਕਿਹਾ ਕਿ ਅਜਿਹੇ ਧਾਰਮਿਕ ਸਮਾਗਮ ਕਰਵਾਉਣਾ ਸਮੇਂ ਦੀ ਮੁੱਖ ਲੋੜ ਹੈ ਤਾਂ ਕਿ ਸਾਡੀ ਨੌਜਵਾਨ ਪੀੜ੍ਹੀ ਆਪਣੇ ਧਰਮ ਤੇ ਆਸਥਾ ਪ੍ਰਤੀ ਜਾਗਰੂਕ ਹੁੰਦੀ ਹੈ। ਉਨ੍ਹਾ ਕਿਹਾ ਕਿ ਅਜਿਹੇ ਸਮਾਗਮ ਸਾਡੀ ਨੌਜਵਾਨ ਪੀੜ੍ਹੀ ਲਈ ਰਾਹ ਦਸੇਰਾ ਬਣਦੇ ਹਨ। ਇਸ ਜਾਗਰਣ ਦੌਰਾਨ ਪ੍ਰਸਿੱਧ ਭਜਨ ਗਾਇਕ ਪਲਵਿੰਦਰ ਪਲਕ ਫਤੇਹਾਬਾਦ ਨੇ ਸ਼ਿਆਮ ਬਾਬਾ ਦੇ ਭਜਨ ਗਾਇਨ ਕਰਕੇ ਆਪਣੀ ਹਾਜ਼ਰੀ ਲਵਾਈ ਤੇ ਧੀਰਜ ਅਸੀਜਾ ਨੇ ਵੀ ਮਧੁਰ ਬਾਣੀ ਰਾਹੀਂ ਗੁਣਗਾਣ ਕੀਤਾ। ਇਸ ਮੌਕੇ ਚਰਨਦੀਪ ਟਿੰਕਾ, ਅਸ਼ੋਕ ਕੁਮਾਰ ਬੱਗਾ, ਵਿੱਕੀ ਮਹਿਤਾ, ਪ੍ਰਦੀਪ ਗਰਗ, ਬੇਅੰਤ ਸਿੰਗਲਾ, ਸੁਮਿਤ ਕੁਮਾਰ, ਜੋਨੀ ਸ਼ੇਰਪੁਰੀਆ ਤੇ ਸੁਰੇਸ਼ ਕੁਮਾਰ ਸ਼ਸ਼ੀ ਵੀ ਹਾਜ਼ਰ ਸਨ।

ਟ੍ਰੈਫ਼ਿਕ ਪੁਲਸ ਨੇ ਲਾਏ ਰਿਫਲੈਕਟਰ

ਬਾਘਾ ਪੁਰਾਣਾ (ਮਨੀ ਸਿੰਗਲਾ)-ਜ਼ਿਲ੍ਹਾ ਪੁਲਸ ਮੁਖੀ ਗੁਲਨੀਤ ਸਿੰਘ ਖੁਰਾਣਾ, ਉਪ ਪੁਲਸ ਕਪਤਾਨ ਜਸਜਯੋਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤੇ ਥਾਣਾ ਮੁਖੀ ਜਤਿੰਦਰ ਸਿੰਘ ਦੀ ਅਗਵਾਈ ਵਿਚ ਮੇਨ ਚੌਕ ਵਿੱਚ ਗੱਡੀਆਂ ਰੋਕ ਕੇ ਰਿਫਲੈਕਟਰ ਲਾਏ ਗਏ। ਥਾਣਾ ਮੁਖੀ ਜਤਿੰਦਰ ਸਿੰਘ ਨੇ ਕਿਹਾ ਕਿ ਸਰਦੀ ਦਾ ਮੌਸਮ ਹੋਣ ਕਰਕੇ ਸੜਕਾਂ 'ਤੇ ਧੁੰਦ ਬਹੁਤ ਵਧ ਜਾਂਦੀ ਹੈ, ਜਿਸ ਕਰਕੇ ਅਕਸਰ ਹੀ ਐਕਸੀਡੈਂਟ ਹੋ ਜਾਂਦੇ ਹਨ, ਜਿਸ ਨਾਲ ਵਾਹਨਾਂ ਦਾ ਵੀ ਨੁਕਸਾਨ ਤਾਂ ਹੁੰਦਾ ਹੀ ਹੈ, ਜਾਨੀ ਨੁਕਸਾਨ ਵੀ ਹੋ ਜਾਂਦਾ ਹੈ। ਮੇਨ ਚੌਕ ਵਿੱਚ ਗੱਡੀਆਂ ਨੂੰ ਰੋਕ ਕੇ ਰਿਫਲੈਕਟਰ ਲਾਏ ਗਏ। ਥਾਣਾ ਮੁਖੀ ਨੇ ਕਿਹਾ ਕਿ ਵਾਹਨ ਚਾਲਕ ਖਾਸ ਕਰਕੇ ਧੁੰਦ ਦੇ ਸੀਜ਼ਨ ਵਿੱਚ ਗੱਡੀਆਂ ਹੌਲੀ ਚਲਾਉਣ ਤੇ ਰਿਫਲੈਕਟਰ ਜ਼ਰੂਰ ਲਾਉਣ ਅਤੇ ਆਲਾ-ਦੁਆਲਾ ਦੇਖ ਕੇ ਚੱਲਣ ਅਤੇ ਸੜਕ ਤੇ ਚਿੱਟੀ ਪੱਟੀ ਵੱਲ ਦੇਖ ਕੇ ਗੱਡੀ ਚਲਾਉਣ ਤਾਂ ਜੁ ਹਾਦਸਿਆਂ ਤੋਂ ਬਚਿਆ ਜਾ ਸਕੇ। ਇਸ ਮੌਕੇ ਜਗਤਾਰ ਸਿੰਘ, ਲਛਮਣ ਸਿੰਘ ਤੇ ਹੋਰ ਪੁਲਸ ਕ੍ਰਮਚਾਰੀਆਂ ਹਾਜ਼ਰ ਸਨ।

ਸ਼ਰਾਬ ਫੈਕਟਰੀ ਨੂੰ ਬੰਦ ਕਰਵਾਉਣ ਤੱਕ ਸੰਘਰਸ਼ ਜਾਰੀ ਰਹੇਗਾ : ਕਿਸਾਨ ਆਗੂ

ਮੱਖੂ (ਰਛਪਾਲ ਸਿੰਘ ਸੰਧੂ)-ਜ਼ੀਰਾ ਵਿਖੇ ਸ਼ਰਾਬ ਫੈਕਟਰੀ ਨੂੰ ਬੰਦ ਕਰਵਾਉਣ ਅਤੇ ਵਾਤਾਵਰਨ ਨੂੰ ਪ੍ਰਦੂਸ਼ਣ ਹੋਣ ਤੋਂ ਬਚਾਉਣ ਲਈ ਪਿਛਲੇ ਪੰਜ ਮਹੀਨਿਆਂ ਤੋਂ ਚੱਲ ਰਹੇ ਮੋਰਚੇ 'ਚ ਆਲ ਇੰਡੀਆ ਕਿਸਾਨ ਸਭਾ ਪੰਜਾਬ ਦੇ ਆਗੂ ਮੋਰਚੇ 'ਚ ਸ਼ਾਮਲ ਹੋਏ। ਇਸ ਮੋਰਚੇ ਵਿਚ ਸਾਥੀ ਮਹਾਵੀਰ ਸਿੰਘ ਆਗੂ ਆਲ ਇੰਡੀਆ ਕਿਸਾਨ ਸਭਾ ਪੰਜਾਬ ਜ਼ਿਲ੍ਹਾ ਫਿਰੋਜ਼ਪੁਰ, ਹਰਪਾਲ ਸਿੰਘ ਮਚਾਕੀ ਪ੍ਰਧਾਨ ਜ਼ਿਲ੍ਹਾ ਫਰੀਦਕੋਟ ਦੀ ਅਗਵਾਈ ਹੇਠ ਵੱਡੀ ਗਿਣਤੀ ਵਿਚ ਸਾਥੀ ਸਮੇਤ ਰਵਾਨਾ ਹੋਏ। ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਕਿਹਾ ਕਿ ਸ਼ਰਾਬ ਫੈਕਟਰੀ ਪ੍ਰਦੂਸ਼ਣ ਫੈਲਾਅ ਰਹੀ ਹੈ, ਜਿਸ ਕਾਰਨ ਬਹੁਤ ਸਾਰੇ ਲੋਕ ਕੈਂਸਰ ਵਰਗੀਆਂ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਇਸ ਲਈ ਇਸ ਸ਼ਰਾਬ ਦੀ ਫੈਕਟਰੀ ਨੂੰ ਬੰਦ ਕੀਤਾ ਜਾਣਾ ਚਾਹੀਦਾ ਹੈ। ਇਸ ਸ਼ਰਾਬ ਦੀ ਫੈਕਟਰੀ ਨੂੰ ਬੰਦ ਕਰਵਾਉਣ ਤੱਕ ਸੰਘਰਸ਼ ਜਾਰੀ ਰਹੇਗਾ। ਇਸ ਮੌਕੇ ਕਸ਼ਮੀਰ ਸਿੰਘ ਅਰਾਈਆਂ ਵਾਲਾ, ਸੁਖਦੇਵ ਸਿੰਘ ਲੋਹਕਾ, ਪ੍ਰਤਾਪ ਸਿੰਘ, ਸੁਖਦੇਵ ਸਿੰਘ, ਅਮਰੀਕ ਸਿੰਘ ਨੰਬਰਦਾਰ, ਬਲਕਾਰ ਸਿੰਘ ਬਸਤੀ ਸੋਢੀਆਂ, ਹਰਵਿੰਦਰ ਸਿੰਘ ਅਮੀਰਸ਼ਾਹ, ਕਮਲ ਸਿੰਘ ਮੱਖੂ, ਗੁਰਨਾਮ ਸਿੰਘ ਅਰਾਈਆਂ ਵਾਲਾ, ਰਛਪਾਲ ਸਿੰਘ ਸੰਧੂ ਆਗੂ ਕਿਸਾਨ ਸਭਾ ਜ਼ਿਲ੍ਹਾ ਫਿਰੋਜ਼ਪੁਰ ਆਦਿ ਹਾਜ਼ਰ ਸਨ।

ਅਣਪਛਾਤਿਆਂ ਬਗਲ 'ਚ ਖੜੀ ਕਾਰ ਦੇ ਸ਼ੀਸ਼ੇ ਭੰਨੇ

ਤਪਾ ਮੰਡੀ (ਅਰੁਣ ਗੋਇਲ, ਮੁਨੀਸ਼ ਬਾਂਸਲ)-ਸਥਾਨਕ ਰੂਪ ਚੰਦ ਰੋਡ ਸਥਿਤ ਇੱਕ ਬਗਲ 'ਚ ਖੜੀ ਕਾਰ ਦੇ ਅਣਪਛਾਤੇ ਵਿਅਕਤੀਆਂ ਵੱਲੋਂ ਪਿਛਲੇ ਸ਼ੀਸ਼ੇ ਦੀ ਭੰਨ-ਤੋੜ ਕੀਤੇ ਜਾਣ ਦਾ ਸਮਾਚਾਰ ਮਿਲਿਆ ਹੈ। ਇਸ ਸੰਬੰਧੀ ਕਾਰ ਮਾਲਕ ਸੋਮ ਨਾਥ ਸੋਮਾ ਨੇ ਦੱਸਿਆ ਕਿ ਉਹ ਅਪਣੀ ਕਾਰ ਰੂਪ ਚੰਦ ਰੋਡ 'ਤੇ ਇੱਕ ਬਗਲ 'ਚ ਖੜੀ ਕਰਦਾ ਆ ਰਿਹਾ ਹੈ। ਅੱਜ ਜਦ ਸਵੇਰੇ ਕਾਰ ਬਗਲ 'ਚੋਂ ਲੈਣ ਗਿਆ ਤਾਂ ਕਾਰ ਦੇ ਪਿਛਲਾ ਸ਼ੀਸ਼ਾ ਕੁਝ ਨਾਮਾਲੂਮ ਵਿਅਕਤੀ ਤੋੜ ਗਏ, ਜਿਸ 'ਚ ਉਸ ਦਾ ਲਗਭਗ 5 ਹਜ਼ਾਰ ਰੁਪੈ ਦਾ ਨੁਕਸਾਨ ਹੋ ਗਿਆ ਹੈ। ਇਸ ਸੰਬੰਧੀ ਮਾਲਕ ਨੇ ਤਪਾ ਪੁਲਸ ਨੂੰ ਦੱਸ ਦਿੱਤਾ ਹੈ। ਇਸ ਮੌਕੇ ਟੀਟੂ ਦੀਕਸ਼ਿਤ, ਸੰਦੀਪ ਕੁਮਾਰ, ਹਰੀਸ਼ ਕੁਮਾਰ, ਰਾਜ ਕੁਮਾਰ ਰਾਜੂ, ਜੱਸੀ ਚੱਠਾ ਆਦਿ ਹਜ਼ਰ ਸਨ।

ਭਾਰਤੀਯ ਮਜ਼ਦੂਰ ਸੰਘ ਵੱਲੋਂ ਜ਼ੀਰਾ ਸ਼ਰਾਬ ਫੈਕਟਰੀ ਵਿਰੁੱਧ ਸੰਘਰਸ਼ ਦੇ ਸਮਰਥਨ ਦਾ ਐਲਾਨ

ਭਾਰਤੀਯ ਮਜ਼ਦੂਰ ਸੰਘ ਦੇ ਵਰਕਰ ਜ਼ੀਰਾ ਸ਼ਰਾਬ ਫੈਕਟਰੀ ਵਿਰੁੱਧ ਚੱਲ ਰਹੇ ਸੰਘਰਸ਼ ਦੇ ਸਮਰਥਨ ਦਾ ਐਲਾਨ ਕਰਦੇ ਹੋਏ।

ਮੋਗਾ (ਅਮਰਜੀਤ ਬੱਬਰੀ)-ਭਾਰਤੀਯ ਮਜ਼ਦੂਰ ਸੰਘ ਨੇ ਜ਼ੀਰਾ ਸ਼ਰਾਬ ਫੈਕਟਰੀ ਵਿਰੁੱਧ ਚੱਲ ਰਹੇ ਜਨ ਸੰਘਰਸ਼ ਦਾ ਸਮਰਥਨ ਕਰਦਿਆਂ ਪੰਜਾਬ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਜ਼ੀਰਾ ਸ਼ਰਾਬ ਫੈਕਟਰੀ ਮਾਮਲੇ ਨੂੰ ਲਟਕਾਉਣ ਦੀ ਬਜਾਏ ਪੰਜਾਬ ਸਰਕਾਰ ਲੋਕਤੰਤਰਿਕ ਨਿਜਾਮ ਤਹਿਤ ਸੰਜੀਦਾ ਤੇ ਜ਼ਿੰਮੇਦਾਰਾਨਾ ਸੋਚ ਤਹਿਤ ਜਨਤਾ ਦੀ ਪ੍ਰਤੀਨਿਧਤਾ ਕਰਦਿਆਂ ਇਸ ਮਾਮਲੇ ਦੇ ਹੱਲ ਲਈ ਜਨਹਿੱਤ 'ਚ ਤੁਰੰਤ ਫੈਸਲਾ ਲਵੇ। ਇੱਥੇ ਭਾਰਤੀਯ ਮਜ਼ਦੂਰ ਸੰਘ ਦੇ ਵਰਕਰਾਂ ਵੱਲੋਂ ਜ਼ੀਰਾ ਸ਼ਰਾਬ ਫੈਕਟਰੀ ਵਿਰੁੱਧ ਲੱਗੇ ਜਨ ਮੋਰਚਾ ਨੂੰ ਦਿੱਤੇ ਜਾ ਰਹੇ ਸਮਰਥਨ ਦਾ ਮੁਜ਼ਾਹਰਾ ਕਰਨ ਸਮੇਂ ਭਾਰਤੀਯ ਮਜ਼ਦੂਰ ਸੰਘ ਦੇ ਜ਼ਿਲ੍ਹਾ ਪ੍ਰਧਾਨ ਵਿਜੇ ਧੀਰ ਐਡਵੋਕੇਟ ਨੇ ਕਿਹਾ ਕਿ ਲੋਕਤੰਤਰ ਵਿੱਚ ਸਰਕਾਰਾਂ ਲੋਕਾਂ ਦੇ ਹਿੱਤਾਂ ਦੀ ਰਾਖੀ ਕਰਨ ਲਈ ਜਨਤਾ ਦੀ ਪ੍ਰਤੀਨਿਧ ਹੁੰਦੀਆਂ ਹਨ। ਪੰਜਾਬ ਸਰਕਾਰ ਨੂੰ ਉਸ ਜਨਤਾ ਨਾਲ ਖੜਨਾ ਚਾਹੀਦਾ ਹੈ, ਜਿਸ ਜਨਤਾ ਨੇ ਉਸ ਨੂੰ ਪੰਜਾਬ ਵਿੱਚ ਅਪਣਾ ਪ੍ਰਤੀਨਿਧ ਬਣਾਇਆ ਹੈ।

ਇਸ ਮੌਕੇ ਕ੍ਰਾਂਤੀਕਾਰੀ ਭੱਠਾ ਮਜ਼ਦੂਰ ਯੂਨੀਅਨ ਪੰਜਾਬ ਦੇ ਪ੍ਰਧਾਨ ਪ੍ਰਵੀਨ ਕੁਮਾਰ ਸ਼ਰਮਾ ਨੇ ਕਿਹਾ ਕਿ ਪੰਜਾਬ ਦਾ ਮਾਲਵਾ ਖੇਤਰ ਪਹਿਲਾਂ ਹੀ ਕੈਂਸਰ ਵਰਗੇ ਜਾਨਲੇਵਾ ਰੋਗ ਦੀ ਗ੍ਰਿਫਤ ਵਿੱਚ ਹੈ। ਉਨ੍ਹਾਂ ਕਿਹਾ ਕਿ ਜ਼ੀਰਾ ਸ਼ਰਾਬ ਫੈਕਟਰੀ ਦਾ ਗੰਦ ਮੰਦ ਜ਼ਮੀਨ ਵਿੱਚ ਪਾਉਣ ਨਾਲ ਧਰਤੀ ਹੇਠਲੇ ਪਾਣੀ ਦੇ ਜ਼ਹਿਰੀਲੇ ਬਣਨ ਨਾਲ ਲੋਕਾਂ ਦੀ ਸਿਹਤ ਨਾਲ ਖਿਲਵਾੜ ਹੋ ਰਿਹਾ ਹੈ ਤੇ ਧਰਤੀ ਤੋਂ ਨਿਕਲਣ ਵਾਲਾ ਪ੍ਰਦੂਸ਼ਤ ਤੇ ਜ਼ਹਿਰੀਲਾ ਪਾਣੀ ਮਨੁੱਖਾਂ, ਪਸ਼ੂਆਂ, ਪੰਛੀਆਂ ਤੇ ਫਸਲਾਂ ਲਈ ਖਤਰਨਾਕ ਹੈ। ਪ੍ਰਵੀਨ ਕੁਮਾਰ ਸ਼ਰਮਾ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਸ ਮਾਮਲੇ ਦਾ ਤੁਰੰਤ ਹੱਲ ਕਰੇ। ਇਸ ਮੌਕੇ ਭਾਰਤੀਯ ਮਜ਼ਦੂਰ ਸੰਘ ਦੇ ਜ਼ਿਲ੍ਹਾ ਸਲਾਹਕਾਰ ਵਰਿੰਦਰ ਗਰਗ ਐਡਵੋਕੇਟ ਨੇ ਵੀ ਵਰਕਰਾਂ ਨੂੰ ਸੰਬੋਧਨ ਕੀਤਾ।

ਪੈਨਸ਼ਨਰਾਂ ਵੱਲੋਂ ਡੀ ਏ ਦਾ ਬਕਾਇਆ ਦੇਣ ਦੀ ਮੰਗ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਆਪਣੀ ਹੱਕੀ ਤੇ ਜਾਇਜ਼ ਮੰਗਾਂ ਨੂੰ ਲੈ ਕੇ ਪੰਜਾਬ ਪੈਨਸ਼ਨਰ ਯੂਨੀਅਨ ਦੀ ਮੀਟਿੰਗ ਕਾਮਰੇਡ ਜਰਨੈਲ ਸਿੰਘ ਭਵਨ ਵਿਖੇ ਪ੍ਰਧਾਨ ਬਲਵੰਤ ਸਿੰਘ ਸੰਧੂ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਲੰਬੇ ਸਮੇਂ ਤੋਂ ਲਟਕ ਰਹੀਆਂ ਪੈਨਸ਼ਨਰਾਂ ਦੀਆਂ

8-Jan-2023-page-11-Majha.qxd 1/7/2023 10:22 PM Page 1

15 ਨੂੰ ਡੀ ਸੀ ਦਫਤਰ ਮੋਰਚਾ ਤੇ ਟੋਲ ਫ੍ਰੀ ਮੋਰਚਾ ਵਾਪਸ ਲੈਣ ਦਾ ਫੈਸਲਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਸੂਬਾ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ, ਸੂਬਾ ਆਗੂ ਗੁਰਬਚਨ ਸਿੰਘ ਚੱਬਾ, ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਕਲੇਰਬਾਲਾ, ਜਿਲ੍ਹਾ ਸਕੱਤਰ ਗੁਰਲਾਲ ਸਿੰਘ ਮਾਨ ਸਮੇਤ ਆਗੂਆਂ ਨੇ ਦੱਸਿਆ ਕਿ ਕੱਲ੍ਹ ਹੋਈ ਸੂਬਾ ਕਮੇਟੀ ਮੀਟਿੰਗ ਵਿੱਚ ਅਹਿਮ ਫੈਸਲੇ ਲਏ ਗਏ ਹਨ, ਜਿਨ੍ਹਾਂ ਵਿੱਚ ਮੁਖ ਰੂਪ ਵਿਚ 26 ਨਵੰਬਰ ਤੋਂ ਜ਼ਿਲ੍ਹਾ ਹੈੱਡਕੁਆਰਟਰਾਂ ਤੇ ਚੱਲ ਰਹੇ ਲੰਬੇ ਮੋਰਚੇ ਅਤੇ 15 ਦਸੰਬਰ ਤੋਂ ਜਾਰੀ ਇੱਕ ਮਹੀਨੇ ਦਾ ਟੋਲ ਫ੍ਰੀ ਅੰਦੋਲਨ ਨੂੰ ਵਾਪਸ ਲੈਣ ਦਾ ਫੈਸਲਾ ਕੀਤਾ ਗਿਆ, ਪਰ ਅਗਰ ਕੋਈ ਟੋਲ ਕੰਪਨੀ ਮੁਲਾਜ਼ਮਾਂ ਦੀਆਂ ਤਨਖਾਹਾਂ ਰੋਕਦੀ ਹੈ ਜਾਂ ਟੋਲ ਫੀਸ ਵਿਚ ਵਾਧਾ ਕਰਦੀ ਹੈ ਤਾਂ ਉਹ ਟੋਲ ਛੱਡਣ ਤੇ ਜਥੇਬੰਦੀ ਵੱਖਰਾ ਫੈਸਲਾ ਲਵੇਗੀ।

ਜ਼ੀਰਾ ਸ਼ਰਾਬ ਫੈਕਟਰੀ ਸਮੇਤ ਪੂਰੇ ਪੰਜਾਬ ਭਰ ਵਿੱਚ ਫੈਕਟਰੀਆਂ ਦੁਆਰਾ ਪਾਣੀ ਗੰਦਾ ਕਰਨ, ਧਰਤੀ ਹੇਠ ਪਾਉਣ, ਦਰਿਆਵਾਂ, ਬਰਸਾਤੀ ਨਾਲਿਆਂ ਵਿੱਚ ਪਾਉਣ ਨੂੰ ਲੈ ਕੇ 11 ਜਨਵਰੀ ਨੂੰ ਪ੍ਰਦੂਸ਼ਣ ਕੰਟਰੋਲ ਬੋਰਡ ਅੰਮ੍ਰਿਤਸਰ ਦਾ 12 ਤੋਂ 3 ਵਜੇ ਤੱਕ ਘਿਰਾਓ ਹੋਵੇਗਾ, 26 ਜਨਵਰੀ ਨੂੰ ਦਿੱਲੀ ਫਤਿਹ ਦਿਹਾੜੇ ਨੂੰ ਸਮਰਪਿਤ ਜ਼ਿਲ੍ਹਾ ਹੈੱਡਕੁਆਰਟਰਾਂ ਤੇ ਵੱਡੇ ਇੱਕਠ ਕੀਤੇ ਜਾਣਗੇ। 29 ਜਨਵਰੀ ਨੂੰ ਪੂਰੇ ਪੰਜਾਬ ਚ ਤਿੰਨ ਘੰਟੇ, 1 ਵਜੇ ਤੋਂ ਲੈ ਕੇ 3 ਵਜੇ ਤੱਕ, ਰੇਲ ਰੋਕੋ ਪ੍ਰੋਗਰਾਮ ਹੋਵੇਗਾ ਕਿਉਂਕਿ 29 ਜਨਵਰੀ 2021 ਸਿੰਘੂ ਬਾਰਡਰ ਦਿੱਲੀ ਮੋਰਚੇ ਵਿੱਚ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਸਟੇਜ ਤੇ ਆਰਐੱਸਐੱਸ ਦੇ ਗੁੰਡੇ ਅਮਨ ਡਬਾਸ ਤੇ ਪਰਦੀਪ ਖੱਤਰੀ ਦੀ ਅਗਵਾਈ ਵਿਚ ਜੋ ਉਸ ਵੇਲੇ ਭਾਜਪਾ ਦੇ ਮੁੱਖ ਆਗੂ ਸਨ, ਹਮਲਾ ਕੀਤਾ ਗਿਆ ਸੀ। ਹਾਲਾਂਕਿ ਕੇਂਦਰ ਤੇ ਪੰਜਾਬ ਦੀਆਂ ਮੰਗਾਂ ਨੂੰ ਲੈ ਕੇ 29 ਜਨਵਰੀ ਦਾ ਰੇਲ ਰੋਕੋ ਅੰਦੋਲਨ ਗਰਦਾਸਪੁਰ ਵਿੱਚ ਲਗਾਤਾਰ ਜਾਰੀ ਰਹੇਗਾ ਕਿਉਂਕਿ ਭਾਰਤ ਮਾਲਾ ਯੋਜਨਾ ਤਹਿਤ ਜੰਮੂ ਕੱਟੜਾ ਐਕਸਪ੍ਰੈੱਸ ਵੇਅ, ਅੰਮ੍ਰਿਤਸਰ ਵੇਅ ਕਿਸਾਨਾਂ ਨੂੰ ਯੋਗ ਮੁਆਵਜ਼ਾ ਦਿੱਤੇ ਬਗੈਰ ਜਬਰੀ ਸਰਕਾਰ ਜ਼ਮੀਨਾਂ ਦਾ ਕਬਜ਼ਾ ਲੈਣ ਦੀ ਕੋਸ਼ਿਸ਼ ਲਗਾਤਾਰ ਕਰ ਰਹੀ ਹੈ ਅਤੇ ਗੰਨੇ ਦੀ ਪਿੜਾਈ ਲਈ ਪੂਰੀ ਪਰਚੀ ਵਿਤਰਣ ਕੈਲੰਡਰ ਨੂੰ ਬਗੈਰ ਵਿਤਕਰੇ ਤੋਂ ਲਾਗੂ ਕਰਾਉਣਾ ਇਸਦੀਆਂ ਮੁਖ ਮੰਗਾਂ ਹੋਣਗੀਆਂ। ਡੀ ਸੀ ਦਫਤਰਾਂ 'ਤੇ ਜਾਰੀ ਮੋਰਚੇ 43ਵੇਂ ਦਿਨ ਅਤੇ ਜ਼ਿਲ੍ਹੇ ਦੇ 3 ਟੋਲ ਪਲਾਜ਼ਿਆਂ 'ਤੇ ਮੋਰਚੇ 24ਵੇਂ ਦਿਨ ਜਾਰੀ ਰਹੇ।

ਇਸ ਮੌਕੇ ਜ਼ਿਲ੍ਹਾ ਆਗੂ ਸਕੱਤਰ ਸਿੰਘ ਕੋਟਲਾ, ਕੰਵਰਦਲੀਪ ਸੈਦੋਲਹਿਲ, ਪ੍ਰਭਜੋਤ ਸਿੰਘ ਗੁੱਜਰਪੁਰਾ, ਗੁਰਦਾਸ ਸਿੰਘ ਵਿਸ਼ੋਆ, ਸੁਖਜਿੰਦਰ ਸਿੰਘ ਹਰੜ, ਅੰਗਰੇਜ਼ ਸਿੰਘ ਸਹਿੰਸਰਾ, ਸਾਹਿਬ ਸਿੰਘ ਕੱਕੜ, ਬਲਦੇਵ ਸਿੰਘ ਬੱਗਾ, ਕੰਧਾਰ ਸਿੰਘ ਭੋਏਵਾਲ, ਕੁਲਬੀਰ ਸਿੰਘ ਲੋਪੋਕੇ ਤੋਂ ਇਲਾਵਾ ਵੱਖ-ਵੱਖ ਮੋਰਚਿਆਂ 'ਤੇ ਸੈਂਕੜਿਆਂ ਦੀ ਗਿਣਤੀ ਵਿਚ ਕਿਸਾਨ ਮਜ਼ਦੂਰ ਅਤੇ ਬੀਬੀਆਂ ਸ਼ਾਮਿਲ ਹੋਏ।

ਖਾਲੜਾ ਵਾਸੀ ਬਿਜਲੀ ਦੇ ਲੱਗ ਰਹੇ ਲੰਮੇ-ਲੰਮੇ ਕੱਟਾਂ ਤੋਂ ਡਾਢੇ ਪ੍ਰੇਸ਼ਾਨ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-'ਆਪ' ਸਰਕਾਰ ਵੱਲੋਂ ਚੋਣਾਂ ਦੌਰਾਨ ਸੂਬਾ ਵਾਸੀਆਂ ਨੂੰ 24 ਘੰਟੇ ਬਿਜਲੀ ਸਪਲਾਈ ਦੇਣ ਦੇ ਵੱਡੇ ਵੱਡੇ ਵਾਅਦੇ ਕੀਤੇ ਗਏ ਸਨ, ਪਰ ਉਨ੍ਹਾਂ ਵਾਅਦਿਆਂ ਅਤੇ ਦਾਅਵਿਆਂ ਦੇ ਖੋਖਲੇ ਸਾਬਤ ਹੋਣ ਦੀ ਮਿਸਾਲ ਜ਼ਿਲ੍ਹਾ ਤਰਨਤਾਰਨ ਅਧੀਨ ਪੈਂਦੇ ਕਸਬਾ ਖਾਲੜਾ ਤੋਂ ਸਾਹਮਣੇ ਆਈ ਹੈ, ਜਿੱਥੋਂ ਦੇ ਲੋਕ ਬਿਜਲੀ ਦੇ ਲੰਮੇ-ਲੰਮੇ ਕੱਟਾਂ ਤੋਂ ਡਾਢੇ ਪ੍ਰੇਸ਼ਾਨ ਨਜ਼ਰ ਆ ਰਹੇ ਹਨ। ਵਰਣਨਯੋਗ ਹੈ ਕਿ ਪਿਛਲੇ ਲਗਭੱਗ 5 ਦਿਨਾਂ ਤੋਂ ਕਸਬਾ ਖਾਲੜਾ ਅਤੇ ਆਸ-ਪਾਸ ਦੇ ਪਿੰਡਾਂ ਦੇ ਲੋਕ ਦਿਨ-ਰਾਤ ਸਮੇਂ ਲੱਗ ਰਹੇ ਬਿਜਲੀ ਦੇ ਲੰਮੇ ਲੰਮੇ ਕੱਟਾਂ ਕਾਰਨ ਬੇਚੈਨ ਨਜ਼ਰ ਆ ਰਹੇ ਹਨ। ਇਨ੍ਹਾਂ ਕੱਟਾਂ ਕਾਰਨ ਲੋਕਾਂ ਦਾ ਕੰਮਕਾਜ ਠੱਪ ਹੋ ਗਿਆ ਹੈ। ਇਸ ਸੰਬੰਧੀ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਸਬਾ ਖਾਲੜਾ ਦੇ ਦੁਕਾਨਦਾਰ ਲਖਵਿੰਦਰ ਸਿੰਘ ਬਿੱਟੂ, ਅਜੀਤ ਸਿੰਘ, ਬਲਕਾਰ ਸਿੰਘ, ਬਲਜਿੰਦਰ ਸਿੰਘ, ਹਰਮਨਜੀਤ ਸਿੰਘ ਅਤੇ ਅਮਨਦੀਪ ਸਿੰਘ ਨੇ 'ਆਪ' ਸਰਕਾਰ ਦੇ ਚੋਣਾਂ ਦੌਰਾਨ ਕੀਤਿਆਂ ਵਾਅਦਿਆਂ ਨੂੰ ਖੋਖਲੇ ਦੱਸਦਿਆਂ ਕਿਹਾ ਕਿ ਸੂਬੇ ਅੰਦਰ ਹੋਈਆਂ ਵਿਧਾਨ ਸਭਾ ਚੋਣਾਂ 2022 ਵਿੱਚ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵੱਲੋਂ ਪੰਜਾਬ ਵਾਸੀਆਂ ਨੂੰ 24 ਘੰਟੇ ਬਿਜਲੀ ਸਪਲਾਈ ਦੇਣ ਦਾ ਵਾਅਦਾ ਕੀਤਾ ਗਿਆ ਸੀ, ਪ੍ਰੰਤੂ ਸਰਕਾਰ ਦਾ ਇਹ ਵਾਅਦਾ ਖੋਖਲਾ ਸਾਬਤ ਹੋਇਆ ਹੈ।

ਦੁਕਾਨਦਾਰਾਂ ਨੇ ਕਿਹਾ ਕਿ ਬੀਤੇ ਪੰਜ ਦਿਨਾਂ ਤੋਂ ਦਿਨ-ਰਾਤ ਬਿਜਲੀ ਦੇ ਲੰਮੇ-ਲੰਮੇ ਕੱਟ ਲੱਗ ਰਹੇ ਹਨ, ਜਿਸ ਕਾਰਨ ਉਨ੍ਹਾਂ ਦੇ ਕੰਮ-ਕਾਰ ਠੱਪ ਹੋ ਗਏ ਹਨ। ਇਸ ਮੌਕੇ ਉਨ੍ਹਾਂ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨੂੰ ਅਪੀਲ ਕੀਤੀ ਕਿ ਉਨ੍ਹਾਂ ਨੂੰ 24 ਘੰਟੇ ਬਿਜਲੀ ਸਪਲਾਈ ਮੁਹੱਈਆ ਕਰਵਾਈ ਜਾਵੇ ਤਾਂ ਜੋ ਉਹ ਆਪਣੇ ਕੰਮਾਂਕਾਰਾਂ ਨੂੰ ਮੁੜ ਤੋਂ ਸੁਰਜੀਤ ਕਰ ਸਕਣ।

ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ ਏਟਕ ਦੀ ਮੀਟਿੰਗ

ਜਲੰਧਰ, (ਰਾਜੇਸ਼ ਥਾਪਾ)-ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ ਏਟਕ ਦੀ ਮੀਟਿੰਗ ਗੁਰਜੀਤ ਸਿੰਘ ਬਟਾਲਾ ਦੀ ਪ੍ਰਧਾਨਗੀ ਹੇਠ ਕਾਮਰੇਡ ਜਸੰਵਤ ਸਿੰਘ ਸਮਰਾ ਹਾਲ ਵਿਖੇ ਹੋਈ। ਮੀਟਿੰਗ ਬਾਰੇ ਜਥੇਬੰਦੀ ਦੇ ਸਰਪ੍ਰਸਤ ਗੁਰਦੀਪ ਸਿੰਘ ਮੋਤੀ ਅਤੇ ਜਗਦੀਸ਼ ਸਿੰਘ ਚਾਹਲ ਨੇ ਦੱਸਿਆ ਕਿ ਪੰਜਾਬ ਰੋਡਵੇਜ਼ /ਪਨਬਸ ਬਾਰੇ ਪੰਜਾਬ ਸਰਕਾਰ ਅਤੇ ਉੱਚ ਅਧਿਕਾਰੀ ਇਸ ਨੂੰ ਚਲਾਉਣ ਬਾਰੇ ਗੰਭੀਰ ਨਹੀਂ ਹਨ, ਜਿਸ ਕਰਕੇ ਇਸ ਦੀ ਹਾਲਤ ਦਿਨੋਂ-ਦਿਨ ਵਿਗੜਦੀ ਜਾ ਰਹੀ ਹੈ। ਸਰਕਾਰ ਰੁਜ਼ਗਾਰ ਅਤੇ ਪਬਲਿਕ ਅਦਾਰਿਆਂ ਦੀ ਬਿਹਤਰੀ ਦੇ ਲਾਰੇ ਲਾ ਹੋਂਦ ਵਿਚ ਆਈ ਸੀ, ਪਰ ਪੰਜਾਬ ਰੋਡਵੇਜ਼ ਵਿੱਚ ਲੰਮੇ ਸਮੇਂ ਤੋਂ ਤਰਸ ਦੇ ਆਧਾਰ 'ਤੇ ਮ੍ਰਿਤਕਾਂ ਦੇ ਵਾਰਸਾਂ ਨੂੰ ਨੌਕਰੀਆਂ ਨਹੀਂ ਦਿੱਤੀਆਂ ਜਾ ਰਹੀਆਂ, ਕਰਜ਼ਾ-ਮੁਕਤ ਬੱਸਾਂ ਰੋਡਵੇਜ਼ ਵਿੱਚ ਤਬਦੀਲ ਕਰਨ ਲਈ ਮਹਿਕਮਾ ਗੰਭੀਰ ਨਹੀਂ । ਠੇਕੇ 'ਤੇ ਕੰਮ ਕਰ ਰਹੇ ਮੁਲਾਜ਼ਮ ਪੱਕੇ ਹੋਣ ਲਈ ਲਗਾਤਾਰ ਹੜਤਾਲ ਕਰ ਰਹੇ ਹਨ । ਮਾਮੂਲੀ ਗਲਤੀ 'ਤੇ ਮੁਲਾਜ਼ਮ ਲੰਮੇ ਸਮੇਂ ਤੋਂ ਬਹਾਲੀ ਦੀ ਆਸ ਵਿੱਚ ਬੈਠ ਹਨ। ਪਰਮੋਸ਼ਨ ਦੀ ਆਸ ਵਿਚ ਬੈਠੇ ਮੁਲਾਜ਼ਮ ਬਿਨਾਂ ਪ੍ਰਮੋਸ਼ਨ ਰਿਟਾਇਰ ਹੋ ਚੁੱਕੇ ਰਹੇ ਹਨ। ਪੰਜਾਬ ਸਰਕਾਰ ਦੀਆਂ ਗਲਤ ਨੀਤੀਆਂ ਕਰਕੇ ਆਮ ਲੋਕ ਅਤੇ ਮੁਲਾਜ਼ਮ ਪਰੇਸ਼ਾਨ ਹੋ ਰਹੇ ਹਨ।

ਅਵਤਾਰ ਸਿੰਘ ਤਾਰੀ ਅਤੇ ਗੁਰਜੰਟ ਸਿੰਘ ਕੋਕਰੀ ਨੇ ਦੱਸਿਆ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ, ਪੈਨਸ਼ਨਰਾਂ ਅਤੇ ਠੇਕੇ ਵਾਲੇ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਪੰਜਾਬ ਸਰਕਾਰ ਵੱਲੋਂ 2004 ਤੋਂ ਬਾਅਦ ਭਰਤੀ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ ਦਾ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਜਾ ਰਿਹਾ। ਡੀ ਏ ਦੀਆਂ ਕਿਸ਼ਤਾਂ ਤੇ ਪੇ ਕਮਿਸ਼ਨ ਦਾ ਬਕਾਇਆ ਪੈਨਸ਼ਨਰਾਂ ਨੂੰ 2.59 ਦਾ ਮੁਆਵਜ਼ਾ ਦੇਣਾ ਅਤੇ ਸਕੀਮ ਵਰਕਰਾਂ ਉਪਰ ਘੱਟੋ-ਘੱਟ ਤਨਖਾਹ ਲਾਗੂ ਕਰਨ ਬਾਰੇ ਸਰਕਾਰ ਗੰਭੀਰ ਨਹੀਂ ਹੈ । ਇਨ੍ਹਾਂ ਮੰਗਾਂ ਨੂੰ ਲਾਗੂ ਕਰਵਾਉਣ ਲਈ ਮੁੱਖ ਮੰਤਰੀ ਦੇ ਸ਼ਹਿਰ ਸੰਗਰੂਰ ਵਿਖੇ ਲਾਮਿਸਾਲ ਰੈਲੀ ਕੀਤੀ ਜਾਵੇਗੀ। ਪੰਜਾਬ ਰੋਡਵੇਜ਼ ਦੇ ਮੁਲਾਜ਼ਮ ਅਤੇ ਪੈਨਸ਼ਨਰਜ਼ ਵੱਡੀ ਗਿਣਤੀ ਵਿੱਚ ਸਮੂਲੀਅਤ ਕਰਨਗੇ।

ਮੀਟਿੰਗ ਵਿਚ ਜਥੇਬੰਦੀ ਦੇ ਸਿਰਮੌਰ ਆਗੂ ਜਸਵੰਤ ਸਿੰਘ ਅੰਮ੍ਰਿਤਸਰ ਦੀ ਮੌਤ 'ਤੇ ਦੁੱਖ ਪ੍ਰਗਟਾਇਆ ਗਿਆ ਅਤੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਮੀਟਿੰਗ ਵਿੱਚ 18 ਡਿਪੂਆਂ ਦੇ ਪ੍ਰਧਾਨ, ਜਨਰਲ ਸਕੱਤਰ, ਸੀਨੀਅਰ ਮੀਤ ਪ੍ਰਧਾਨਾ, ਕੈਸ਼ੀਅਰਾਂ ਤੋਂ ਇਲਾਵਾ ਸੂਬਾਈ ਆਗੂਆਂ ਦੀਦਾਰ ਸਿੰਘ ਪੱਟੀ, ਬਿਕਰਮਜੀਤ ਸਿੰਘ, ਗੁਰਜੀਤ ਸਿੰਘ ਜਲੰਧਰ, ਬਚਿੱਤਰ ਸਿੰਘ, ਸੁਰਿੰਦਰ ਸਿੰਘ ਬਰਾੜ, ਦਵਿੰਦਰ ਕੁਮਾਰ, ਇਕਬਾਲ ਸਿੰਘ ਢਿੱਲੋਂ, ਹਰਜਿੰਦਰ ਸਿੰਘ ਚੀਮਾ ਅਤੇ ਹਰੀਸ਼ ਕੁਮਾਰ ਜਲੰਧਰ ਸ਼ਾਮਲ ਹੋਏ।

ਸ਼ੈਰੀ ਕਲਸੀ ਨੇ ਰੱਖੇ ਵੱਖ-ਵੱਖ ਪਿੰਡਾਂ 'ਚ ਵਿਕਾਸ ਕਾਰਜਾਂ ਦੇ ਨੀਂਹ ਪੱਥਰ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਵਿਧਾਨ ਸਭਾ ਹਲਕਾ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਵਲੋਂ ਅੱਜ ਆਪਣੇ ਹਲਕੇ ਵਿੱਚ ਪੈਂਦੇ ਬਲਾਕ ਧਾਰੀਵਾਲ ਦੇ ਪਿੰਡ ਸੰਤ ਨਗਰ, ਬਹਿਬਲ ਚੱਕ ਅਤੇ ਪਿੰਡ ਅਠਵਾਲ ਵਿੱਚ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖੇ ਗਏ। ਇਸ ਮੌਕੇ ਵਿਧਾਇਕ ਕਲਸੀ ਵਲੋਂ ਪਿੰਡ ਸੰਤ ਨਗਰ ਵਿਖੇ ਸੀਵਰੇਜ ਦੇ ਨਿਕਾਸ ਲਈ ਨੀਂਹ ਪੱਥਰ ਰੱਖਿਆ, ਪਿੰਡ ਬਹਿਬਲ ਚੱਕ ਵਿਖੇ ਸਾਧਾਰਨ ਖੇਡ ਮੈਦਾਨ ਨੂੰ ਖੇਡ ਸਟੇਡੀਅਮ 'ਚ ਤਬਦੀਲੀ ਕਰਨ ਦਾ ਨੀਂਹ ਪੱਥਰ ਰੱਖਿਆ ਅਤੇ ਪਿੰਡ ਅਠਵਾਲ ਵਿਖੇ ਸੀਵਰੇਜ ਦੇ ਨਿਕਾਸ ਲਈ ਨੀਂਹ ਪੱਥਰ ਰੱਖਿਆ ਗਿਆ। ਇਸ ਮੌਕੇ ਵਿਧਾਇਕ ਨੇ ਕਿਹਾ ਕਿ ਹਲਕੇ ਦਾ ਵਿਕਾਸ ਕਰਾਉਣਾ ਮੇਰੀ ਪਹਿਲੀ ਤਰਜੀਹ ਹੈ ਅਤੇ ਹਲਕੇ ਅੰਦਰ ਵਿਕਾਸ ਕਾਰਜਾਂ ਵਿੱਚ ਹੋਰ ਤੇਜ਼ੀ ਲਿਆਂਦੀ ਜਾਵੇਗੀ ਅਤੇ ਪਿੰਡਾਂ ਨੂੰ ਵਿਕਾਸ ਪੱਖੋਂ ਨਮੂਨੇ ਦੇ ਪਿੰਡ ਬਣਾਇਆ ਜਾਵੇਗਾ। ਉਨ੍ਹਾਂ ਕਿਹਾ 'ਆਪ' ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵਲੋਂ ਸੂਬੇ ਨੂੰ ਮੁੜ ਰੰਗਲਾ ਪੰਜਾਬ ਬਣਾਉਣ ਲਈ ਯਤਨ ਕੀਤੇ ਜਾ ਰਹੇ ਹਨ ਅਤੇ ਲੋਕ ਭਲਾਈ ਸਕੀਮਾਂ ਦਾ ਲਾਭ ਹੇਠਲੇ ਪੱਧਰ ਤੱਕ ਪਹੁੰਚਾਇਆ ਜਾ ਰਿਹਾ ਹੈ। ਇਸ ਮੌਕੇ ਬੀਡੀਪੀਓ ਧਾਰੀਵਾਲ ਕੁਲਵੰਤ ਸਿੰਘ, ਗੁਰਦੇਵ ਸਿੰਘ ਪੰਚਾਇਤ ਸਿੰਘ, ਪੰਚਾਇਤ ਵਿਭਾਗ ਦੇ ਜੇ. ਈ. ਪਰਮਿੰਦਰ ਸਿੰਘ ਅਤੇ ਸਬੰਧਿਤ ਮਗਨਰੇਗਾ ਸਟਾਫ, ਬੀਡੀਪੀਓ ਕਾਦੀਆਂ ਗੁਰਪ੍ਰੀਤ ਸਿੰਘ ਭੁੱਲਰ ਸਮੇਤ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ, ਆਪ ਪਾਰਟੀ ਯੂਥ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਮਨਦੀਪ ਸਿੰਘ ਗਿੱਲ ਤੇ ਪੰਚਾਇਤੀ ਨੁਮਾਇੰਦੇ ਮੌਜੂਦ ਸਨ।

ਉਕਤ ਪਿੰਡਾਂ ਤੋਂ ਇਲਾਵਾ ਵੀ ਵਿਧਾਇਕ ਸ਼ੈਰੀ ਕਲਸੀ ਵਲੋਂ ਹਲਕਾ ਬਟਾਲਾ ਦੇ ਪਿੰਡ ਡੱਲਾ, ਨੰਗਲ ਬੁੱਟਰ, ਤਲਵੰਡੀ ਚੂੰਗਥਾਂਗ ਤੇ ਰਸੂਲਪੁਰ ਸਮੇਤ ਵੱਖ-ਵੱਖ ਪਿੰਡਾਂ ਵਿੱਚ ਵਿਕਾਸ ਕਾਰਜਾਂ ਦੀ ਸ਼ੁਰੂਆਤ ਕਰਵਾਈ ਗਈ।

ਮਹਾਂਰਾਸ਼ਟਰ 'ਚ ਬਿਜਲੀ ਮੁਲਾਜ਼ਮਾਂ ਦੇ ਸੰਘਰਸ਼ ਨੂੰ ਹਮਾਇਤ ਦਾ ਐਲਾਨ

ਤਰਨਤਾਰਨ (ਸਾਗਰਦੀਪ ਸਿੰਘ ਅਰੋੜਾ)-ਪਾਵਰਕੌਮ ਅਤੇ ਟਰਾਂਸਕੋ ਪੈਨਸ਼ਨਰ ਯੂਨੀਅਨ ਪੰਜਾਬ ਦੇ ਜਨਰਲ ਸਕੱਤਰ ਅਮਰੀਕ ਸਿੰਘ ਮਸੀਤਾਂ ਨੇ ਪ੍ਰੈੱਸ ਦੇ ਨਾਂ ਲਿਖਤੀ ਬਿਆਨ ਜਾਰੀ ਕਰਦਿਆਂ ਮਹਾਂਰਾਸ਼ਟਰ ਦੇ ਬਿਜਲੀ ਮੁਲਾਜ਼ਮਾਂ ਦੇ ਸੰਘਰਸ਼ ਦੀ ਪੂਰਨ ਤੌਰ 'ਤੇ ਹਮਾਇਤ ਕਰਦਿਆਂ ਮਹਾਂਰਾਸ਼ਟਰ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਅਡਾਨੀਆਂ ਅੰਬਾਨੀਆਂ ਨੂੰ ਸਾਰਾ ਦੇਸ਼ ਲੁਟਾਉਣ ਦੀਆਂ ਕੋਸ਼ਿਸ਼ਾਂ ਬੰਦ ਕੀਤੀਆਂ ਜਾਣ।

ਦੇਸ਼ ਦੇ ਪਬਲਿਕ ਸੈਕਟਰ ਨੂੰ ਤਬਾਹ ਕਰਨ ਵਾਲੇ ਬਿਜਲੀ ਬਿੱਲ 2022 ਨੂੰ ਲਾਗੂ ਕਰਕੇ ਲੋਕਾਂ ਦੇ ਖੂਨ ਪਸੀਨੇ ਨਾਲ ਸਿੰਜੇ ਬਿਜਲੀ ਮਹਿਕਮੇ ਨੂੰ ਸਰਮਾਏਦਾਰਾਂ ਨੂੰ ਸੌਂਪਣ ਜਾ ਰਹੀ ਮਹਾਂਰਾਸ਼ਟਰ ਸਰਕਾਰ ਵਿਰੁੱਧ ਲੜ ਰਹੇ ਬਿਜਲੀ ਮੁਲਾਜ਼ਮਾਂ ਨਾਲ ਇਕਮੁੱਠਤਾ ਦਾ ਇਜ਼ਹਾਰ ਕਰਦਿਆਂ 72 ਘੰਟਿਆਂ ਦੀ ਹੜਤਾਲ ਦੀ ਪੂਰਨ ਹਮਾਇਤ ਕੀਤੀ। ਉਨ੍ਹਾਂ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਕੇਵਲ ਇਹੋ ਹੀ ਨਹੀਂ, ਦੇਸ਼ ਦੇ ਕਿਸੇ ਵੀ ਕੋਨੇ ਵਿੱਚ ਲੋਕ ਵਿਰੋਧੀ ਨੀਤੀਆਂ ਖਿਲਾਫ ਲੜੀ ਜਾਂਦੀ ਲੜਾਈ ਦਾ ਪੂਰਨ ਸਮਰਥਨ ਕੀਤਾ ਜਾਵੇਗਾ। ਇਸ ਮੌਕੇ ਸੂਬਾ ਪ੍ਰਧਾਨ ਸਾਥੀ ਰਾਧੇ ਸ਼ਾਮ ਅਤੇ ਮੀਤ ਪ੍ਰਧਾਨ ਸਾਥੀ ਤਾਰਾ ਸਿੰਘ ਖਹਿਰਾ ਹਾਜ਼ਰ ਸਨ।

ਡੀ ਟੀ ਐੱਫ ਵੱਲੋਂ ਕੇਂਦਰ ਸਰਕਾਰ ਤੋਂ ਘੱਟ ਗਿਣਤੀਆਂ ਦੇ ਵਜ਼ੀਫੇ ਬਹਾਲ ਕਰਨ ਦੀ ਮੰਗ

ਤਰਨਤਾਰਨ (ਪ੍ਰਿਤਪਾਲ ਸਿੰਘ)-ਕੇਂਦਰ ਸਰਕਾਰ ਦੁਆਰਾ ਸਕੂਲਾਂ ਵਿੱਚ ਪਹਿਲੀ ਤੋਂ ਅੱਠਵੀਂ ਜਮਾਤ ਤੱਕ ਪੜ੍ਹਦੇ ਘੱਟ ਗਿਣਤੀਆਂ ਨਾਲ ਸਬੰਧਤ ਵਿਦਿਆਰਥੀਆਂ ਦੇ ਵਜ਼ੀਫੇ ਬੰਦ ਕੀਤੇ ਜਾਣ ਖਿਲਾਫ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਜ਼ਿਲ੍ਹਾ ਇਕਾਈ ਤਰਨਤਾਰਨ ਵੱਲੋਂ ਜ਼ਿਲ੍ਹਾ ਪ੍ਰਧਾਨ ਪ੍ਰਤਾਪ ਸਿੰਘ ਠੱਠਗੜ੍ਹ ਦੀ ਅਗਵਾਈ ਹੇਠ ਏਡੀਸੀ ਜਗਵਿੰਦਰਪਾਲ ਸਿੰਘ ਗਰੇਵਾਲ ਰਾਹੀਂ ਕੇਂਦਰ ਸਰਕਾਰ ਵੱਲ ਵਜ਼ੀਫੇ ਬਹਾਲ ਕਰਨ ਦਾ ਮੰਗ ਪੱਤਰ

8-JAN- PAGE 12.qxd 1/7/2023 10:23 PM Page 1

ਕੰਪਿਊਟਰ ਅਧਿਆਪਕਾਂ ਨੇ ਕੀਤਾ ਮੁੱਖ ਮੰਤਰੀ ਪੰਜਾਬ ਦੀ ਰਿਹਾਇਸ਼ ਦਾ ਘਿਰਾਓ

ਜਲੰਧਰ (ਰਾਜੇਸ਼ ਥਾਪਾ) - ਕੰਪਿਊਟਰ ਅਧਿਆਪਕ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਬਲਜਿੰਦਰ ਸਿੰਘ ਫਤਿਹਪੁਰ ਦੀ ਅਗਵਾਈ ਹੇਠ ਕੰਪਿਊਟਰ ਅਧਿਆਪਕਾਂ ਨੇ ਵੱਡੀ ਰੈਲੀ ਸੰਗਰੂਰ ਵਿਖੇ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਕੀਤੀ ਅਤੇ ਪੰਜਾਬ ਸਰਕਾਰ ਦੇ ਵਿਰੁੱਧ ਜੰਮ ਕੇ ਨਾਅਰੇਬਾਜੀ ਕੀਤੀ ਗਈ। ਜੱਥੇਬੰਦੀ ਨੇ ਦੋਸ਼ ਲਗਾਇਆ ਕਿ ਸਿੱਖਿਆ ਮੰਤਰੀ ਅਤੇ ਪੰਜਾਬ ਸਰਰਕਾਰ ਕੰਪਿਊਟਰ ਅਧਿਆਪਕਾਂ ਨੂੰ ਜਾਣ-ਬੁੱਝ ਕੇ ਖੱਜਲ ਕਰ ਰਹੀ ਹੈ। ਕੰਪਿਊਟਰ ਅਧਿਆਪਕ ਇੱਕਤਰ ਹੋ ਸੰਗਰੂਰ ਦੇ ਬਜ਼ਾਰਾਂ ਵਿੱਚ ਪਹਿਲਾ ਪੰਜਾਬ ਸਰਕਾਰ ਵਿਰੁੱਧ ਰੋਸ ਮਾਰਚ ਕੀਤਾ ਅਤੇ ਪੰਜਾਬ ਸਰਕਾਰ ਅਤੇ ਸਿੱਖਿਆ ਮੰਤਰੀ ਪੰਜਾਬ ਅਤੇ ਆਪ ਦੇ ਵਿਧਾਇਕਾ ਦੇ ਵਾਦਿਆਂ ਨੂੰ ਪੈਫਲੈਟਾਂ ਰਾਹੀ ਆਮ ਲੋਕਾਂ ਵਿੱਚ ਉਜਾਗਰ ਕੀਤਾ ਕੀਤਾ ਗਿਆ ਅਤੇ ਮੁੱਖ ਮੰਤਰੀ ਪੰਜਾਬ ਦੀ ਰਿਹਾਇਸ਼ ਅੱਗੇ ਪਿੱਟ ਸਿਆਪਾ ਕਰਦੇ ਹੋਏ ਘਿਰਾਓ ਕੀਤਾ ਗਿਆ। ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਜਲਦ ਤੋਂ ਜਲਦ ਕੰਪਿਊਟਰ ਅਧਿਆਪਕਾਂ ਤੇ ਸਿਵਲ ਸੇਵਾਵਾਂ ਦੇ ਨਿਯਮ ਅਤੇ 6ਵਾਂ ਤਨਖਾਹ ਕਮਿਸ਼ਨ ਪਹਿਲਾ ਲਾਗੂ ਕੀਤਾ ਨਹੀਂ ਤਾਂ ਹੋਰ ਸੰਘਰਸ਼ ਤੇਜ ਕੀਤਾ ਜਾਵੇਗਾ। ਸਰਪਰਸਤ ਗੁਰਵਿੰਦਰ ਸਿੰਘ ਤਰਨਤਾਰਨ ਨੇ ਜਾਣਕਾਰੀ ਦਿੰਦੇ ਕਿਹਾ ਕਿ ਬੇਸ਼ੱਕ ਜੁਲਾਈ 2011 ਨੂੰ ਕੰਪਿਊਟਰ ਅਧਿਆਪਕਾਂ ਨੂੰ ਮੌਕੇ ਦੀ ਪੰਜਾਬ ਸਰਕਾਰ ਨੇ ਸਿੱਖਿਆ ਵਿਭਾਗ ਦੀ ਪਿਕਟਸ ਸੁਸਾਇਟੀ ਅਧੀਨ ਪੰਜਾਬ ਸਿਵਲ ਸਰਵਿਸ ਸੇਵਾਵਾਂ ਅਧੀਨ ਕੰਪਿਊਟਰ ਅਧਿਆਪਕਾਂ ਦੀਆ ਸੇਵਾਵਾਂ ਰੈਗੂਲਰ ਕਰ ਦਿੱਤੀਆ ਸੀ ਪਰ ਅੱਜ ਤੱਕ ਕੰਪਿਊਟਰ ਅਧਿਆਪਕਾਂ ਨੂੰ ਕੋਈ ਵੀ ਪੂਰਨ ਰੂਪ ਵਿੱਚ ਰੈਗੂਲਰ ਮੁਲਾਜਮਾਂ ਵਾਲੇ ਲਾਭ ਨਹੀਂ ਦਿੱਤੇ । ਸਗੋਂ ਕੰਪਿਊਟਰ ਅਧਿਆਪਕਾਂ ਦੇ ਬਗੈਰ ਕਿਸੇ ਕਾਰਨ 6ਵਾਂ ਤਨਖਾਹ ਕਮਿਸ਼ਨ, ਏ.ਸੀ.ਪੀ., ਆਈ.ਆਰ. ਅਤੇ ਹੋਰ ਵਿੱਤੀ ਲਾਭ ਰੋਕ ਰੱਖੇ ਹਨ । ਜਦੋਂ ਕਿ ਪੰਜਾਬ ਦੇ ਸਮੁੱਚੇ ਰੈਗੂਲਰ ਮੁਲਾਜਮਾਂ ਨੂੰ 6ਵਾਂ ਤਨਖਾਹ ਕਮਿਸ਼ਨ, ਏ.ਸੀ.ਪੀ., ਆਈ.ਆਰ. ਅਤੇ 6ਵਾਂ ਤਨਖਾਹ ਕਮਿਸ਼ਨ ਦੇ ਬਕਾਏ ਦਿੱਤੇ ਜਾ ਚੁੱਕੇ ਪਰ ਕੰਪਿਊਟਰ ਅਧਿਆਪਕਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ । 1100 ਦੇ ਕਰੀਬ ਕੰਪਿਊਟਰ ਅਧਿਆਪਕ ਸਾਥੀਆ ਦੀ ਮੌਤ ਹੋਣ ਤੋਂ ਬਾਅਦ ਸਰਕਾਰ ਨੇ ਕੋਈ ਸਾਰ ਨਹੀਂ ਲਈ ਗਈ ਹੈ ਅਤੇ ਯੂਨੀਅਨ ਵੱਲੋਂ ਪਰਵਾਰ ਨੂੰ ਤਰਸ ਦੇ ਆਧਾਰ 'ਤੇ ਨੌਕਰੀ ਦੇਣ ਦੀ ਮੰਗ ਕੀਤੀ ਗਈ। ਮੀਟਿੰਗ ਦੌਰਾਨ ਸੀਨੀਅਰ ਮੀਤ ਪ੍ਰਧਾਨ ਹਰਜੀਤ ਸਿੰਘ ਸੰਧੂ, ਅਨਿਲ ਐਰੀ ਮੀਤ ਪ੍ਰਧਾਨ, ਏਕਮਉਂਕਾਰ ਸਿੰਘ ਮੀਤ ਪ੍ਰਧਾਨ, ਸਿਕੰਦਰ ਸਿੰਘ ਮੀਤ ਪ੍ਰਧਾਨ, ਹਰਪ੍ਰੀਤ ਸਿੰਘ ਜਨਰਲ ਸਕੱਤਰ, ਪਰਮਿੰਦਰ ਸਿੰਘ ਘੁਮਾਣ ਜਨਰਲ ਸਕੱਤਰ, ਅਮਰਦੀਪ ਸਿੰਘ ਕਾਨੂਨੀ ਸਲਾਹ ਕਾਰ,ਹਰਜੀਤ ਸਿੰਘ ਵਿੱਤ ਸਕੱਤਰ , ਪਰਮਜੀਤ ਸਿੰਘ ਵਿੱਤ ਸਕੱਤਰ, ਸਿਕੰਦਰ ਸਿੰਘ ਬਰਨਾਲਾ,ਹਰਮਿੰਦਰ ਸਿੰਘ ਸੰਧੂ ਪ੍ਰੈਸ ਸਕੱਤਰ ,ਕੁਨਾਲ ਕਪੂਰ ਸਟੇਟ ਕਮੇਟੀ ਮੈਂਬਰ ,ਹਰਜਿੰਦਰ ਮਹਿਸਮਪੁਰ ਪ੍ਰੈਸ ਸਕੱਤਰ , ਸੱਤ ਪ੍ਰਤਾਪ ਸਿੰਘ ਮਾਨਸਾ,ਜਗਦੀਸ਼ ਸ਼ਰਮਾ ਸੰਗਰੂਰ,ਗੁਰਪਿੰਦਰ ਸਿੰਘ ਗੁਰਦਾਸ ਪੁਰ, ਪਰਦੀਪ ਬੈਰੀ ਮੁਕਤਸਰ , ਅਮਨਦੀਪ ਸਿੰਘ ਪਠਾਨਕੋਟ, ਰਮਨ ਕੁਮਾਰ ਜਲੰਧਰ ,ਜਸਵਿੰਦਰ ਸਿੰਘ ਲੁਧਿਆਣਾ, ਗੁਰਮੇਲ ਸਿੰਘ ਫਰੀਦਕੋਟ, ਗੁਰਪ੍ਰੀਤ ਸਿੰਘ ਅੰਮ੍ਰਿਤਸਰ, ਰਾਕੇਸ਼ ਸਿੰਘ ਮੋਗਾ,ਸੀਤਲ ਸਿੰਘ ਤਰਨਤਾਰਨ,ਦਵਿੰਦਰ ਸਿੰਘ ਸੰਧੂ ਫਿਰੋਜਪੁਰ,ਰਵਿੰਦਰ ਸਿੰਘ ਹੁਸ਼ਿਆਰਪੁਰ, ਅਮਰਜੀਤ ਸਿੰਘ ਕਪੂਰਥਲਾ ਅਤੇ ਜਿਲਾ ਕਮੇਟੀਆਂ ਦੇ ਆਗੂ ਸ਼ਾਮਿਲ ਸਨ ।

ਹਰਸਿਮਰਨ ਸਿੰਘ ਨੇ ਸਵਰ ਅੰਮ੍ਰਿਤ ਪ੍ਰੋਗਰਾਮ 'ਚ ਬਿਖੇਰਿਆ ਆਵਾਜ਼ ਦਾ ਜਾਦੂ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਖ਼ਾਲਸਾ ਕਾਲਜ ਫ਼ਾਰ ਵੂਮੈਨ ਦੇ ਅਸਿਸਟੈਂਟ ਪ੍ਰੋਫੈਸਰ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸੰਗੀਤ ਵਿਭਾਗ ਵੱਲੋਂ 'ਸਵਰ ਸੰਗਮ' ਦੇ ਸਹਿਯੋਗ ਨਾਲ ਕਰਵਾਏ ਗਏ 'ਸਵਰ ਅੰਮ੍ਰਿਤ' ਸ਼ਾਸਤਰੀ ਸੰਗੀਤ ਪ੍ਰੋਗਰਾਮ 'ਚ ਆਪਣੀ ਸੁਰੀਲੀ ਆਵਾਜ਼ ਦਾ ਜਾਦੂ ਬਿਖੇਰ ਕੇ ਵਿਸ਼ੇਸ਼ ਸਨਮਾਨ ਪ੍ਰਾਪਤ ਕੀਤਾ ਹੈ

ਇਸ ਉਪਲਬਧੀ 'ਤੇ ਕਾਲਜ ਪ੍ਰਿੰਸੀਪਲ ਡਾ. ਸੁਰਿੰਦਰ ਕੌਰ ਨੇ ਸੰਗੀਤ ਵਿਭਾਗ ਦੇ ਅਸਿਸਟੈਂਟ ਪ੍ਰੋਫੈਸਰ ਹਰਸਿਮਰਨ ਸਿੰਘ ਨੂੰ ਸ਼ਾਸਤਰੀ ਗਾਇਨ ਵਾਸਤੇ ਵਿਸ਼ੇਸ਼ ਤੌਰ 'ਤੇ ਬਤੌਰ ਲੋਕਲ ਆਰਟਿਸਟ ਆਪਣੀ ਗਾਇਕੀ ਪੇਸ਼ ਕਰਨ ਉਪਰੰਤ ਮਿਲੇ ਸਨਮਾਨ 'ਤੇ ਵਧਾਈ ਦਿੱਤੀ।

ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਵਿਖੇ 'ਸਵਰ ਅੰਮ੍ਰਿਤ' ਸ਼ਾਸਤਰੀ ਸੰਗੀਤ ਪ੍ਰੋਗਰਾਮ 'ਚ ਸੰਗੀਤ ਜਗਤ ਦੀ ਨਾਮਵਰ ਹਸਤੀ ਪੰਡਿਤ ਵਿਸ਼ਵ ਮੋਹਨ ਭੱਟ ਅਤੇ ਸਲਿਲ ਭੱਟ ਦੀ ਪ੍ਰਸਤੁਤੀ ਕਰਵਾਈ ਗਈ। ਉਨ੍ਹਾਂ ਕਿਹਾ ਕਿ ਹਰਸਿਮਰਨ ਸਿੰਘ ਨੇ ਇਸ ਸੰਗੀਤਕ ਸ਼ਾਮ 'ਚ 'ਰਾਗ ਮਧੁਵੰਤੀ' ਨੂੰ ਆਪਣੀ ਮਧੁਰ ਆਵਾਜ਼ ਤੇ ਨਿਰਾਲੇ ਅੰਦਾਜ਼ 'ਚ ਪੇਸ਼ ਕਰਕੇ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ। ਉਨ੍ਹਾਂ ਕਿਹਾ ਕਿ ਇਸ ਦੌਰਾਨ ਹਾਰਮੋਨੀਅਮ 'ਤੇ ਬਾਲ ਕਲਾਕਾਰ ਦਾਨਿਸ਼ ਸ਼ਰਮਾ,

ਤਬਲੇ 'ਤੇ ਦੀਪਕ ਜੋਗੀ ਅਤੇ ਤਾਨਪੁਰੇ 'ਤੇ ਸਤਨਾਮ ਸਿੰਘ ਨੇ ਸਹਾਇਕ ਵਜੋਂ ਹਰਸਿਮਰਨ ਦਾ ਸਾਥ ਦਿੱਤਾ।

ਪ੍ਰਿੰ: ਡਾ. ਸੁਰਿੰਦਰ ਕੌਰ ਨੇ ਕਿਹਾ ਕਿ ਪ੍ਰੋਗਰਾਮ ਮੌਕੇ 'ਗਰੈਮੀ', 'ਪਦਮਸ਼੍ਰੀ' ਅਤੇ 'ਪਦਮ ਵਿਭੂਸ਼ਣ' ਐਵਾਰਡ ਨਾਲ ਸਨਮਾਨਿਤ ਸ਼ਖ਼ਸੀਅਤ ਪੰਡਿਤ ਵਿਸ਼ਵ ਮੋਹਨ ਭੱਟ, ਇਨਕਮ ਟੈਕਸ ਵਿਭਾਗ ਦੇ ਚੀਫ਼ ਕਮਿਸ਼ਨਰ ਜਹਾਨ ਜ਼ੇਬ ਅਖ਼ਤਰ ਅਤੇ ਸੰਗੀਤ ਵਿਭਾਗ ਦੇ ਮੁਖੀ ਪ੍ਰੋ. ਡਾ: ਹਰਦੀਪ ਸਿੰਘ ਨੇ ਹਰਸਿਮਰਨ ਸਿੰਘ ਦੀ ਬਾਕਮਾਲ ਪੇਸ਼ਕਾਰੀ ਤੋਂ ਪ੍ਰਭਾਵਿਤ ਹੁੰਦਿਆਂ ਵਿਸ਼ੇਸ਼ ਸਨਮਾਨ ਚਿੰਨ੍ਹ ਨਾਲ ਸਨਮਾਨਿਤ ਕੀਤਾ। ਉਨ੍ਹਾਂ ਕਿਹਾ ਕਿ ਅਜਿਹੇ ਉੱਚ ਪੱਧਰੀ ਸਮਾਰੋਹ ਦਾ ਹਿੱਸਾ ਬਣਨਾ ਅਤੇ ਸੰਗੀਤਕ ਖੇਤਰ ਦੇ ਕੋਹਿਨੂਰ ਕੋਲੋਂ ਸਨਮਾਨਿਤ ਹੋਣਾ ਨਾ ਸਿਰਫ਼ ਸ: ਹਰਸਿਮਰਨ ਸਿੰਘ ਲਈ ਹੀ ਸਗੋਂ ਕਾਲਜ ਲਈ ਵੀ ਫ਼ਖ਼ਰ ਦੀ ਗੱਲ ਹੈ।

ਚੋਰੀ ਦੇ ਮੁਕੱਦਮੇ 'ਚ ਫਰਾਰ ਕੀਤਾ ਗ੍ਰਿਫ਼ਤਾਰ

ਅੱਡਾ ਸਰਾਂ (ਜਸਵੀਰ ਕਾਜਲ)-ਥਾਣਾ ਟਾਂਡਾ ਮੁਖੀ ਸਬ-ਇੰਸਪੈਕਟਰ ਮਲਕੀਤ ਸਿੰਘ ਨੇ ਦੱਸਿਆ ਕਿ ਚੋਰੀ ਦੇ ਮੁਕੱਦਮੇ 'ਚ ਫਰਾਰ ਹੋਏ ਵਿਅਕਤੀਆਂ ਨੂੰ ਫੜਨ ਲਈ ਵਿਸ਼ੇਸ਼ ਮੁਹਿੰਮ ਚਲਾਈ ਹੋਈ ਹੈ । ਜਿਸ ਦੌਰਾਨ ਮਨਿੰਦਰ ਕੌਰ ਥਾਣਾ ਟਾਂਡਾ ਜਦ ਪੁਲਸ ਸਾਥੀਆਂ ਸਮੇਤ ਗਸ਼ਤ 'ਤੇ ਸਨ ,ਕਿਸੇ ਮੁਖਬਰੀ ਦੀ ਖਬਰ 'ਤੇ ਚੋਰੀ ਦੇ ਦੋਸ਼ 'ਚ ਫਰਾਰ ਹੋਏ ਮੁਲਜ਼ਮ ਨੂੰ ਘੇਰਾ ਪਾ ਕੇ ਕਾਬੂ ਪਾਉਣ ਦੀ ਸਫਲਤਾ ਪ੍ਰਾਪਤ ਕੀਤੀ ਹੈ । ਦੋਸ਼ੀ ਅਜੇ ਕੁਮਾਰ ਪੁੱਤਰ ਰੰਗੂ ਰਾਮ ਵਾਸੀ ਛਾਉਣੀ ਕਲਾਂ ਸਧਰ ਥਾਣਾ ਜ਼ਿਲ੍ਹਾ ਹੁਸ਼ਿਆਰਪੁਰ ਨੂੰ ਕਾਬੂ ਕਰਦੇ ਉਕਤ ਮੁਕੱਦਮੇ ਵਿੱਚ ਗ੍ਰਿਫਤਾਰ ਕੀਤਾ ਗਿਆ।

ਜਲ ਸਪਲਾਈ ਤੇ ਸੈਨੀਟੇਸ਼ਨ ਦੇ ਵਿਭਾਗੀ ਮੁਖੀ ਦੇ ਦਫਤਰ ਵਿਖੇ ਸੂਬਾ ਪੱਧਰੀ ਧਰਨਾ 10 ਨੂੰ

ਟਾਂਡਾ ਉੜਮੁੜ,ਅੱਡਾ ਸਰਾਂ (ਜਸਵਿੰਦਰ ਸਿੰਘ, ਉਂਕਾਰ ਸਿੰਘ, ਜਸਵੀਰ ਕਾਜਲ)-ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਇਨਲਿਸਟਡ/ਆਊਟਸੋਰਸਿੰਗ ਦਫਤਰੀ ਕਾਮਿਆਂ ਦੀ ਜੱਥੇਬੰਦੀ ਸਬ ਕਮੇਟੀ/ਦਫਤਰੀ ਸਟਾਫ, ਜਲ ਸਪਲਾਈ ਅਤੇ ਸੈਨੀਟੇਸਨ ਕੰਟਰੈਕਟ ਵਰਕਰਜ ਯੂਨੀਅਨ ਪੰਜਾਬ (ਰਜਿ:ਨੰ.31) ਦੀ ਜ਼ਿਲ੍ਹਾ ਪੱਧਰੀ ਮੀਟਿੰਗ ਸਬ ਕਮੇਟੀ ਜਸਵੀਰ ਸਿੰਘ ਲੱਕੀ ਦੀ ਪ੍ਰਧਾਨਗੀ ਹੇਠ ਹੋਈ । ਜਿਸ ਵਿੱਚ ਕਮੇਟੀ ਵੱਲੋਂ 10 ਜਨਵਰੀ 2023 ਦੇ ਰੱਖੇ ਗਏ ਪ੍ਰੋਗਰਾਮ ਸਬੰਧੀ ਚਰਚਾ ਕੀਤੀ ਗਈ । ਇਸ ਉਪਰੰਤ ਮੀਟਿੰਗ ਦੀ ਕਾਰਵਾਈ ਪ੍ਰੈੱਸ ਨੂੰ ਜਾਰੀ ਕਰਦੇ ਹੋਏ ਪਰਮਜੀਤ ਸਿੰਘ ਪ੍ਰੈੱਸ ਸਕੱਤਰ ਵੱਲੋ ਦੱਸਿਆ ਗਿਆ ਕਿ ਵਿਭਾਗ ਵਿੱਚ ਦਫਤਰੀ ਕਾਮੇ ਇਨਲਿਸਟਮੈਂਟ ਵੱਖ-ਵੱਖ ਠੇਕੇਦਾਰਾਂ, ਕੰਪਨੀਆਂ, ਸੋਸਾਇਟੀਆਂ ਆਦਿ ਰਾਹੀ ਵੱਖ-ਵੱਖ ਪੋਸਟਾਂ ਜਿਵੇ ਕਿ ਡਾਟਾ ਐਂਟਰੀ ਓਪਰੇਟਰ, ਬਿੱਲ ਕਲਰਕ, ਲੈਜਰ ਕੀਪਰ, ਲੈਬ ਕੈਮਿਸਟ, ਜੇ.ਡੀ.ਐਮ.,ਸੇਵਾਦਾਰ ਅਤੇ ਆਦਿਸ਼ ਹੈਲਪਰ ਆਦਿ ਪੋਸਟਾਂ 'ਤੇ ਲੰਮੇ ਸਮੇਂ ਤੋਂ ਕੰਮ ਕਰਦੇ ਆ ਰਹੇ ਹਨ । ਜੱਥੇਬੰਦੀ ਵੱਲੋਂ ਲੰਮੇ ਸਮੇ ਤੋ ਮੰਗ ਕੀਤੀ ਜਾ ਰਹੀ ਹੈ ਕਿ ਵਿਭਾਗ ਦੇ ਸਮੁੱਚੇ ਵਰਕਰਾਂ ਨੂੰ ਵਿਭਾਗ ਵਿੱਚ ਲਿਆਕੇ ਰੈਗੂਲਰ ਕੀਤਾ ਜਾਵੇ, ਵਰਕਰਾਂ ਦੀਆਂ ਤਨਖਾਹਾਂ ਵਿੱਚ ਤਜਰਬੇ/ਯੋਗਤਾਵਾਂ ਅਨੁਸਾਰ ਵਾਧਾ ਕੀਤਾ ਜਾਵੇ ਅਤੇ ਹੋਰ ਮੰਗਾ ਸਬੰਧੀ। ਇਹਨਾਂ ਤੋ ਇਲਾਵਾ ਹੋਰ ਮੰਗਾਂ ਲਈ ਸੰਘਰਸਾਂ ਦੌਰਾਨ ਵਿਭਾਗ ਦੇ ਅਧਿਕਾਰੀਆਂ ਨਾਲ ਹੋਈਆਂ ਮੀਟਿੰਗ ਵਿੱਚ ਅਧਿਕਾਰੀਆਂ ਵੱਲੋ ਸਿਰਫ ਟਾਲ ਮਟੋਲ ਦੀ ਨੀਤੀ ਅਪਣਾਈ ਗਈ ਅਤੇ ਮੰਗਾਂ ਦਾ ਨਿਪਟਾਰਾ ਕਰਨ ਦੀ ਬਜਾਏ ਵਰਕਰਾਂ ਦੀਆਂ ਵਧੀਆਂ ਹੋਈਆਂ ਤਨਖਾਹਾਂ 'ਤੇ ਰੋਕ ਲਗਾਈ ਗਈ, ਜਿਸ ਗੱਲ ਦੀ ਜੱਥੇਬੰਦੀ ਵੱਲੋ ਨਿਖੇਧੀ ਕੀਤੀ ਗਈ । ਇਸ ਲਈ ਜੱਥੇਬੰਦੀ ਵਿਭਾਗ ਅਤੇ ਪੰਜਾਬ ਸਰਕਾਰ ਤੋ ਮੰਗ ਕਰਦੀ ਹੈ ਕਿ ਵਰਕਰਾਂ ਦੀਆਂ ਮੰਗਾਂ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ । ਜੇਕਰ ਸਮੁੱਚੇ ਵਰਕਰਾਂ ਨਾਲ ਇਨਸਾਫ ਨਾ ਕੀਤਾ ਗਿਆ ਤਾਂ ਸੂਬਾ ਕਮੇਟੀ ਵੱਲੋ ਲਏ ਗਏ ਫੈਸਲੇ ਅਨੁਸਾਰ ਵਿਭਾਗ ਪ੍ਰਤੀ ਰੋਸ ਵਜੋਂ 10-01-2023 ਨੂੰ ਮੁਹਾਲੀ ਵਿਖੇ ਜਲ ਸਪਲਾਈ ਅਤੇ ਸੈਨੀਟੇਸ਼ਨ ਦੇ ਵਿਭਾਗੀ ਮੁੱਖੀ ਦੇ ਦਫਤਰ ਵਿਖੇ ਸੂਬਾ ਪੱਧਰੀ ਧਰਨਾ ਦਿੱਤਾ ਜਾਵੇਗਾ । ਮੀਟਿੰਗ ਵਿੱਚ ਜਤਿੰਦਰ ਕੁਮਾਰ, ਕਮਲੇਸ਼ ਰਾਣੀ, ਰਣਦੀਪ ਧਨੋਆ,ਨਵਜੋਤ ਕੌਰ ਅਤੇ ਹੋਰ ਆਗੂ/ਵਰਕਰ ਹਾਜਰ ਹੋਏ ।

ਮਾਘੀ ਮੇਲਾ ਤੇ 81ਵਾਂ ਕਬੱਡੀ ਤੇ ਫੁੱਟਬਾਲ ਟੂਰਨਾਮੈਂਟ ਭਲਕ ਤੋਂ

ਨੂਰਮਹਿਲ (ਬਾਲੀ) - ਬਾਬਾ ਭਾਈ ਖਜਾਨ ਸਿੰਘ ਦਾ ਯਾਦਗਰੀ ਮਾਘੀ ਮੇਲਾ ਅਤੇ 81ਵਾਂ ਕਬੱਡੀ ਅਤੇ ਫੁੱਟਬਾਲ ਟੂਰਨਾਮੈਂਟ 9 ਤੋਂ 14 ਜਨਵਰੀ 2023 ਤੱਕ ਪਿੰਡ ਮੁਹੇਮ, ਤਹਿਸੀਲ ਨਕੋਦਰ ਵਿਖੇ ਪੰਚਾਇਤ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਧੂਮਧਾਮ ਨਾਲ ਕਰਵਾਇਆ ਜਾ ਰਿਹਾ ਹੈ। ਜਾਣਕਾਰੀ ਦਿੰਦਿਆਂ ਰਿੰਕੂ ਬੰਗੜ ਅਤੇ ਲਾਡਾ ਸਹੋਤਾ ਨੇ ਦੱਸਿਆ ਕਿ ਇਸ ਕਬੱਡੀ ਖੇਡ ਮੇਲੇ ਵਿੱਚ ਕਸਬੇ ਦੇ ਨਾਮਵਰ ਖਿਡਾਰੀ ਆਪਣਾ ਜੋਰ ਦਿਖਾਉਣਗੇ। ਕਬੱਡੀ ਟੂਰਨਾਮੈਂਟ ਵਿੱਚ ਜੇਤੂ ਟੀਮ ਨੂੰ 1 ਲੱਖ ਰੁਪਏ ਅਤੇ ਦੂਜੇ ਸਥਾਨ 'ਤੇ ਰਹਿਣ ਵਾਲੀ ਟੀਮ ਨੂੰ 75 ਹਜਾਰ ਰੁਪਏ ਦਿੱਤੇ ਜਾਣਗੇ। ਕਬੱਡੀ ਵਿੱਚ ਪਹਿਲੇ ਸਥਾਨ 'ਤੇ ਰਹਿਣ ਵਾਲੇ ਰੇਡਰ ਅਤੇ ਜਾਫੀ ਨੂੰ 11-11 ਹਜਾਰ ਰੁਪਏ ਦੀ ਇਨਾਮੀ ਰਾਸ਼ੀ ਨਾਲ ਸਨਮਾਨਿਤ ਕੀਤਾ ਜਾਵੇਗਾ। ਕਬੱਡੀ ਟੂਰਨਾਮੈਂਟ ਦਾ ਲਾਈਵ ਟੈਲੀਕਾਸਟ ਯੂਟਿਊਬ ਚੈਨਲ ਕਬੱਡੀ 365 'ਤੇ ਹੋਵੇਗਾ। ਫੁੱਟਬਾਲ 'ਏ' ਟੂਰਨਾਮੈਂਟ 'ਚ ਪਹਿਲਾ ਇਨਾਮ 25 ਹਜਾਰ ਅਤੇ ਦੂਸਰਾ ਇਨਾਮ 20 ਹਜਾਰ ਦਿੱਤਾ ਜਾਵੇਗਾ ਅਤੇ ਫੁੱਟਬਾਲ 'ਬੀ' ਟੂਰਨਾਮੈਂਟ (ਪਿੰਡ ਪੱਧਰ) 55 ਕਿਲੋ ਵਿਚ ਪਹਿਲਾ ਇਨਾਮ 15 ਹਜਾਰ ਅਤੇ ਦੂਜਾ ਇਨਾਮ 10 ਹਜਾਰ ਦਿੱਤਾ ਜਾਵੇਗਾ। ਇਸ ਮੌਕੇ ਅਤੁੱਟ ਲੰਗਰ ਵੀ ਵਰਤਾਇਆ ਜਾਵੇਗਾ।

ਨਗਰ ਨਿਗਮ ਜਲੰਧਰ ਵੱਲੋਂ ਤਰਸ ਦੇ ਅਧਾਰ 'ਤੇ 25 ਉਮੀਦਵਾਰਾਂ ਨੂੰ ਨੌਕਰੀਆਂ ਮੁਹੱਈਆ

ਜਲੰਧਰ, (ਸੈਲੀ ਐਲਬਰਟ) ਨਗਰ ਨਿਗਮ ਕਮਿਸ਼ਨਰ ਅਭੀਜੀਤ ਕਪਲੀਸ਼ ਦੀਆਂ ਹਦਾਇਤਾਂ 'ਤੇ ਤਰਸ ਦੇ ਅਧਾਰ 'ਤੇ 25 ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਜਾਰੀ ਕੀਤੇ ਗਏ। ਨਿਯੁਕਤੀ ਪੱਤਰ ਉਮੀਦਵਾਰਾਂ ਨੂੰ ਸੌਂਪਦਿਆਂ ਜੁਆਇੰਟ ਕਮਿਸ਼ਨਰ ਸ਼ਿਖਾ ਭਗਤ ਨੇ ਕਿਹਾ ਕਿ ਲੋੜੀਂਦੀ ਪ੍ਰਕਿਰਿਆ ਮੁਕੰਮਲ ਕਰਨ ਉਪਰੰਤ ਮ੍ਰਿਤਕ ਕਰਮਚਾਰੀਆਂ 'ਤੇ ਨਿਰਭਰ 25 ਉਮੀਦਵਾਰਾਂ ਨੂੰ ਨੌਕਰੀਆਂ ਦਿੱਤੀਆਂ ਗਈਆਂ ਹਨ। ਜੁਆਇੰਟ ਕਮਿਸ਼ਨਰ ਨੇ ਇਨ੍ਹਾਂ ਨੌਕਰੀਆਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ 25 ਉਮੀਦਵਾਰ ਜਿਨ੍ਹਾਂ ਵਿੱਚ 3 ਕਲਰਕ, 2 ਵਰਕ ਸੁਪਰਵਾਈਜ਼ਰ, ਇਕ ਟੈਕਨੀਸ਼ੀਅਨ, ਤਿੰਨ ਸੇਵਾਦਾਰ, ਤਿੰਨ ਫਿਟਰ ਕੁਲੀ, ਦੋ ਬੇਲਦਾਰ ਅਤੇ 11 ਸਫ਼ਾਈ ਸੇਵਕ ਸ਼ਾਮਿਲ ਹਨ। ਉਨ੍ਹਾਂ ਨਗਰ ਨਿਗਮ ਦੇ ਇਨ੍ਹਾਂ ਨਵੇਂ ਸਟਾਫ਼ ਮੈਂਬਰਾਂ ਨੂੰ ਆਪਣੀ ਡਿਊਟੀ ਪੂਰੀ ਮਿਹਨਤ ਤੇ ਲਗਨ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ।

ਐੱਲ ਪੀ ਯੂ ਨੇ ਆਲ ਇੰਡੀਆ ਇੰਟਰ 'ਵਰਸਿਟੀ ਜੂਡੋ ਚੈਂਪੀਅਨਸ਼ਿਪ ਟਰਾਫੀ ਜਿੱਤੀ

ਜਲੰਧਰ (ਸੈਲੀ ਐਲਬਰਟ) ਲਵਲੀ ਪ੍ਰੋਫੈਸਨਲ ਯੂਨੀਵਰਸਿਟੀ (ਐਲਪੀਯੂ) ਨੇ ਪੁਰਸ ਵਰਗ ਵਿੱਚ ਆਲ ਇੰਡੀਆ ਇੰਟਰ ਯੂਨੀਵਰਸਿਟੀ ਜੂਡੋ ਚੈਂਪੀਅਨਸ਼ਿਪ2022-23 ਦੀ ਟਰਾਫੀ ਜਿੱਤ ਲਈ । ਪੰਜ ਦਿਨਾਂ ਚੈਂਪੀਅਨਸ਼ਿਪ ਦਾ ਆਯੋਜਨ ਐਲਪੀਯੂ ਦੇ ਇਨਡੋਰ ਸਟੇਡੀਅਮ ਵਿੱਚ ਐਸੋਸੀਏਸ਼ਨ ਆਫ ਇੰਡੀਅਨ ਯੂਨੀਵਰਸਿਟੀਜ (ਏ.ਆਈ.ਯੂ.) ਦੀ ਅਗਵਾਈ ਵਿੱਚ ਕੀਤਾ ਗਿਆ।

ਇਸ ਦੇ ਲਈ ਦੇਸ਼

ਖ਼ਾਮੋਸ਼ੀ-2

ਡਾ. ਗੁਰਬਖ਼ਸ਼ ਸਿੰਘ ਭੰਡਾਲ

(10)

ਅੱਜਕੱਲ੍ਹ ਕੇਹਾ ਭਾਣਾ ਵਰਤਿਆ
ਕਿ ਸਾਡੇ ਹਾਵਭਾਵਾਂ ਵਿਚ ਖਾਮੋਸ਼ੀ ਆਣ ਬੈਠੀ
ਅਸੀਂ ਰੋਬੋਟੀ ਸੂਰਤਾਂ ਬਣਾ
ਖੁਦ ਨੂੰ ਖਾਮੋਸ਼ੀ ਦੀ ਚਾਦਰ ਵਿਚ ਲਪੇਟ ਲਿਆ ਹੈ।
ਖਾਮੋਸ਼ ਹੈ ਸਾਡਾ ਹਾਸਾ, ਸਾਡੀ ਮੁਸਕਰਾਹਟ,
ਸਾਡੀਆਂ ਅੱਖਾਂ ਦੀ ਤੱਕਣੀ ਤੇ ਇਸ ਵਿਚਲੀ ਸ਼ਰਾਰਤ,
ਸਾਡੇ ਬੋਲਣ ਦਾ ਅੰਦਾਜ਼ ਤੇ ਬੁੱਲ੍ਹਾਂ ਦਾ ਫਰਕਣਾ,
ਆਪਸੀ ਚੋਹਲ-ਮੋਹਲ ਤੇ ਚੁਲਬੁਲਾਪਣ,
ਗੱਲ੍ਹਾਂ ਦੇ ਟੋਇਆਂ ਵਿਚਲੇ ਨਕਸ਼
ਚਿਹਰੇ ਦੇ ਹਰ ਪਲ ਬਦਲਦੇ ਹਾਵ-ਭਾਵ,
ਸਾਡੇ ਕਦਮਾਂ ਦਾ ਤਾਲ ਤੇ ਤੋਰ ਵਿਚਲਾ ਨਖਰਾ
ਸਾਡੇ ਅੰਦਾਜ਼ ਦਾ ਨਿਵੇਕਲਾਪਣ
ਇਸ ਖਾਮੋਸ਼ੀ ਵਿਚ
ਕੋਈ ਕੀ ਕਰੇ,
ਇਸ ਨੂੰ ਕਿੰਝ ਪੜ੍ਹੇ,
ਕਿਹੜੀ ਅਰਥਕਾਰੀ ਕਰੇ,
ਕੀ ਸਮਝੇ ਤੇ ਕਿਵੇਂ ਖਾਮੋਸ਼ੀ ਨੂੰ ਸ਼ਬਦਾਵੇ,
ਕਿ ਤੁਹਾਡੀ ਖਾਮੋਸ਼ੀ ਸੁੱਚੇ ਸ਼ਬਦਾਂ ਦਾ ਜਾਮਾ ਪਾਵੇ
ਅਤੇ ਜ਼ਿੰਦਗੀ ਨੂੰ ਸੁਰਖ ਰੰਗ ਦੇ ਜਾਵੇ।

(11)

ਦੋਸਤੋ
ਜਦ ਇਹ ਜ਼ਿੰਦਗੀ ਖਾਮੋਸ਼ ਹੋ ਜਾਵੇ
ਤਾਂ ਇਹ ਜਿਉਂਦਾ ਤਾਬੂਤ ਹੁੰਦੀ
ਮੁਰਦਿਆਂ ਦੇ ਆਸਣ ਦਾ ਸਬੂਤ ਹੁੰਦੀ
ਖਾਮੋਸ਼ ਜ਼ਿੰਦਗੀ
ਸਿਰਫ਼ ਕਬਰਿਸਤਾਨ ਹੀ ਹੁੰਦੀ
ਇਸ ਤੋਂ ਪਹਿਲਾਂ
ਕਿ ਬੰਦਾ ਕਬਰਿਸਤਾਨ ਹੀ ਬਣ ਜਾਵੇ
ਜ਼ਰੂਰੀ ਹੁੰਦਾ ਹੈ
ਕਿ ਉਹ ਚੌਗਿਰਦੇ ਵਿਚ ਪਸਰੀ ਹੋਈ
ਤੇ ਆਪਣੇ ਅੰਦਰ ਤੇ ਬਾਹਰ ਦੀ ਖਾਮੋਸ਼ੀ ਤੋੜੇ
ਅਤੇ ਪਿਆਰ-ਭਕੁੰਨੀ ਗੁਫ਼ਤਗੂ ਨਾਲ
ਟੁੱਟਿਆ ਹੋਇਆ ਸੰਬੰਧ ਮੁੜ ਤੋਂ ਜੋੜੇ।

(12)

ਕਦੇ ਕਦਾਈਂ
ਖਾਮੋਸ਼ੀ ਦੀ ਅਰਥਕਾਰੀ ਲਈ
ਸਿਵਿਆਂ ਵਿਚ ਪਸਰੀ ਖਾਮੋਸ਼ੀ ਨੂੰ ਮੁਖਾਤਬ ਹੋਣਾ
ਤੁਹਾਨੂੰ ਪਤਾ ਲੱਗੇਗਾ
ਕਿ ਸਿਵਿਆਂ ਵਿਚ ਸੁੱਤੇ ਬਜ਼ੁਰਗ ਕਿੰਨੇ ਖਾਮੋਸ਼ ਨੇ
ਪਤਾ ਤਾਂ ਕਰਿਓ
ਕਿ ਉਹ ਕਿਵੇਂ ਅਤੇ ਕਦੋਂ ਖਾਮੋਸ਼ ਹੋ ਕੇ
ਕਿਉਂ ਸਿਵਿਆਂ ਵਿਚ ਸਦਾ ਲਈ ਛੁਪ ਗਏ?
ਉਨ੍ਹਾਂ ਦੀ ਖਾਮੋਸ਼ੀ ਵਿਚ ਬਹੁਤ ਕੁਝ ਅਣਕਿਹਾ ਵੀ ਏ
ਜਿਹੜਾ ਉਹ ਆਪਣਿਆਂ ਨੂੰ ਸੁਣਾਉਣਾ ਚਾਹੁੰਦੇ ਸਨ
ਪਰ
ਜਦ ਆਪਣੇ ਹੀ ਉਨ੍ਹਾਂ ਨੂੰ ਨਕਾਰ ਤੇ ਦੁਰਕਾਰ ਗਏ
ਤਾਂ ਫਿਰ ਉਹ ਕਿਸ ਕੋਲ ਦੁਖੜੇ ਸੁਣਾਉਂਦੇ?
ਅਤੇ ਉਹ ਆਖਰ ਨੂੰ
ਸਭ ਕੁਝ ਆਪਣੀ ਹਿੱਕ ਵਿਚ ਲੁਕੋ
ਸਿਵਿਆਂ ਦੀ ਰਾਖ ਹੋ ਗਏ
ਬੰਦੇ ਨੂੰ ਯਾਦ ਹੀ ਨਹੀਂ ਹੁੰਦਾ
ਕਿ ਸਿਵਿਆਂ ਦੀ ਰਾਖ ਫਰੋਲਿਆਂ
ਕੁਝ ਵੀ ਹੱਥ ਨਹੀਂ ਆਉਂਦਾ
ਸਿਰਫ਼ ਰਾਖ਼ ਹੋਈ ਖਾਮੋਸ਼ੀ
ਸਾਡੀ ਤਲੀ 'ਤੇ ਇਕ ਪਛਤਾਵਾ ਹੀ ਧਰ ਜਾਂਦੀ
ਜੋ ਆਖਰੀ ਸਾਹ ਤੀਕ ਸਾਨੂੰ ਸੂਲੀ 'ਤੇ ਟੰਗੀ ਰੱਖਦਾ।
ਕਬਰਾਂ ਦੀ ਖਾਮੋਸ਼ੀ ਕੋਲ ਬਹਿ ਕੇ ਸਮਝ ਆਉਂਦੀ
ਕਿ ਜੀਵਨ ਦਾ ਆਦਿ ਕੀ?
ਅਤੇ ਅੰਤ ਕੀ?
ਇਸ ਦੇ ਸਰੋਕਾਰ ਕੀ ਤੇ ਸਾਰਥਿਕਤਾ ਕੀ?
ਕੀ ਖੱਟਿਆ ਅਤੇ ਕੀ ਗਵਾਇਆ?
ਕਿਸ ਨੂੰ ਹਸਾਇਆ ਤੇ ਕਿਸ ਨੂੰ ਰੁਆਇਆ?
ਕਿਸ ਨੂੰ ਠਿੱਬੀ ਲਾਈ ਤੇ ਕਿਸ ਨੂੰ ਪੌੜੀ ਤੋਂ ਪਟਕਾਇਆ?
ਕਿਸ ਲਈ ਰਾਹ ਦਾ ਰੋੜਾ ਬਣੇ?
ਕਿਸ ਦੇ ਰਾਹਾਂ 'ਚ ਕੀਤੀ ਕੰਡਿਆਂ ਦੀ ਵਿਛਾਈ?
ਤੇ ਕਿਸੇ ਰਾਹ 'ਚ ਫੁੱਲਾਂ ਦੀ ਵਰਖਾ?
ਕਿਸ ਨੂੰ ਸੁਪਨੇ ਦਿਤੇ ਤੇ ਕਿਸ ਦੇ ਸੁਪਨਿਆਂ ਨੂੰ ਤੋੜਿਆ?
ਖਾਮੋਸ਼ ਬਹਿ ਕੇ
ਖੁਦ ਦੀ ਜਾਮਾ-ਤਲਾਸ਼ੀ ਕਰਨਾ
ਤੁਹਾਨੂੰ ਸਭ ਚਾਨਣ ਹੋ ਜਾਵੇਗਾ।

(13)

ਖਾਮੋਸ਼ੀ ਵਿੱਚੋਂ ਜੇਕਰ ਜ਼ਿੰਦਗੀ ਦੇ ਨਕਸ਼ ਪੜ੍ਹਨੇ ਹੋਣ
ਤਾਂ ਕਦੇ ਉਹਨਾਂ ਬੁੱਢੇ ਮਾਪਿਆਂ ਦੀ ਸੰਗਤ ਮਾਣਿਓ
ਜਿਹੜੇ ਆਪਣਿਆਂ ਵੱਲੋਂ ਬੇਦਰ ਤੇ ਬੇਘਰ
ਅਤੇ ਬੇਪੱਤ ਤੇ ਬੇਦਖਲ ਹੋਏ
ਬਜ਼ੁਰਗ-ਘਰਾਂ ਵਿਚ ਸਾਹ ਪੂਰੇ ਕਰ ਰਹੇ
ਉਨ੍ਹਾਂ ਦੀ ਖਾਮੋਸ਼ੀ
ਤੁਹਾਨੂੰ ਜ਼ਿੰਦਗੀ ਦੇ ਅਰਥ ਵੀ ਦੱਸੇਗੀ
ਤੇ ਖਾਮੋਸ਼ੀ ਦੀਆਂ ਵਿਭਿੰਨ ਪਰਤਾਂ ਦੀ ਨਿਸ਼ਾਨਦੇਹੀ ਵੀ ਕਰੇਗੀ।
ਦੇਖਣਾ!
ਤੁਹਾਡੇ ਲਈ ਖਾਮੋਸ਼ੀ ਦੇ ਅਰਥ ਹੀ ਬਦਲ ਜਾਣਗੇ
ਯਾਦ ਰੱਖਿਓ!
ਬਜ਼ੁਰਗ ਕਦੇ ਵੀ ਖਾਮੋਸ਼ ਨਹੀਂ ਹੁੰਦੇ
ਖਾਮੋਸ਼ ਕਰ ਦਿੱਤੇ ਜਾਂਦੇ ਨੇ ਹਾਲਾਤ ਜਾਂ ਔਲਾਦ ਵੱਲੋਂ
ਜਦ ਉਨ੍ਹਾਂ ਨੂੰ ਲਚਾਰ, ਆਵਾਜਾਰ ਅਤੇ ਮੁਥਾਜ਼ ਬਣਾ ਦਿੱਤਾ ਜਾਵੇ
ਤਾਂ ਉਹ ਖਾਮੋਸ਼ੀ ਨੂੰ ਜਿਉਂਦੇ
ਸਦਾ ਲਈ ਹੀ ਖਾਮੋਸ਼ ਹੋ ਜਾਂਦੇ।
ਬਜ਼ੁਰਗਾਂ ਦੀ ਖਾਮੋਸ਼ੀ ਦੀ ਮਾਰ ਤੋਂ ਬਚੇ ਰਹਿਣਾ
ਵਰਨਾ ਤੁਸੀਂ ਜਿਊਣ-ਜੋਗੇ ਨਹੀਂ ਰਹੋਗੇ।

(14)

ਯਾਰੋ!
ਖਾਮੋਸ਼ੀ ਬਹੁਤ ਪਰਤਾਂ ਵਿਚ ਸਾਨੂੰ ਮੁਖਾਤਬ ਹੁੰਦੀ
ਕੁਝ ਜੀਵਨ-ਦਾਨੀ ਅਤੇ ਕੁਝ ਮਰਨ-ਰੁੱਤਾਂ
ਪਰ
ਇਸ ਦੀਆਂ ਉਨ੍ਹਾਂ ਪਰਤਾਂ ਨੂੰ ਜੀਵਨ ਦਾ ਹਿੱਸਾ ਬਣਾਓ,
ਜਿਨ੍ਹਾਂ ਜ਼ਿੰਦਗੀ ਨੂੰ ਵਿਸਥਾਰ ਦੇਣਾ ਹੋਵੇ,
ਇਸ ਨੂੰ ਵਿਲੱਖਣ ਤੇ ਵਿਕਲੋਤਰਤਾ ਦੇਣੀ ਹੋਵੇ
ਤੇ ਜ਼ਿੰਦਗੀ ਨੂੰ ਜ਼ਿੰਦਗੀ ਦੀ ਤਸ਼ਬੀਹ ਦੇਣੀ ਹੋਵੇ।

(15)

ਅਕਸਰ ਹੀ
ਅਸੀਂ ਖਾਮੋਸ਼ੀ ਨੂੰ ਨਜ਼ਰ-ਅੰਦਾਜ਼ ਕਰਦੇ
ਜੋਦੜੀ ਹੈ
ਖਾਮੋਸ਼ੀ ਨੂੰ ਅਣਗੌਲਿਆਂ ਨਾ ਕਰੋ
ਇਹ ਵੱਡੇ ਅਰਥ ਲੈ ਕੇ ਦਿੰਦੀ ਹੈ ਮਸਤਕ-ਦਰੀਂ ਦਸਤਕ
ਇਸ ਦਸਤਕ ਦਾ ਹੁੰਗਾਰਾ ਜ਼ਰੂਰ ਭਰਨਾ
ਕਿਉਂਕਿ
ਹੁੰਗਾਰਾ ਭਰਨ 'ਤੇ ਹੀ ਪਤਾ ਲੱਗਦਾ ਹੈ
ਕਿ ਤੁਸੀਂ ਸੱਚੀਂ ਜਿਉਂਦੇ ਹੋ
ਮਰੇ ਹੋਏ ਲੋਕ ਕਦ ਹੁੰਗਾਰਾ ਭਰਦੇ ਨੇ?
ਖਾਮੋਸ਼ੀ ਦਾ ਹੁੰਗਾਰਾ ਭਰਦੇ ਰਹਿਣਾ।
ਖਾਮੋਸ਼ੀ.....

ਘਰ ਵਾਪਸੀ

ਰਾਤੀਂ ਪਟਾਕਿਆਂ ਦੀ ਕੰਨ ਪਾੜਵੀਂ ਆਵਾਜ਼ ਅਤੇ ਜ਼ਹਿਰੀਲੇ ਧੂੰਏਂ ਦੀ ਚਾਦਰ ਨੇ ਸੂਹੀ ਸਵੇਰ ਨੂੰ ਗੰਧਲਾ ਕੀਤਾ ਹੋਇਆ ਸੀ। ਅੱਖਾਂ ਮਲ਼ਦਾ ਹੋਇਆ ਡਾਕਟਰ ਕੁਲਦੀਪ ਬਾਲਕੋਨੀ 'ਚ ਆਣ ਖਲੋਇਆ ਤੇ ਕੁਦਰਤ ਨੂੰ ਨਿਹਾਰਨ ਦੀ ਨਾਕਾਮ ਕੋਸ਼ਿਸ਼ ਕਰਨ ਲੱਗਾ। ਇੰਨੇ ਨੂੰ ਇੱਕ ਕਬੂਤਰ ਉਸ ਵਿੱਚ ਜ਼ੋਰ ਦੀ ਆਣ ਵੱਜਿਆ ਤਾਂ ਉਹ ਤ੍ਰਿਭਕ ਗਿਆ। ਕਬੂਤਰ ਨੇ ਮੁਆਫ਼ੀ ਮੰਗਦਿਆਂ ਕਿਹਾ, 'ਕੀ ਕਰੀਏ ਸਾਬ੍ਹ ਅਸੀਂ ਤਾਂ ਸਾਰੇ ਕੱਲ੍ਹ ਦੇ ਪਟਾਕਿਆਂ ਦੇ ਸ਼ੋਰ ਕਾਰਨ ਬੇਘਰ ਹੋਏ ਪਏ ਹਾਂ ਤੇ ਘਰ ਵਾਪਸੀ ਦਾ ਅਜੇ ਵੀ ਕੋਈ ਹੀਲ਼ਾ ਨਹੀਂ ਬਣ ਰਿਹਾ ਹੈ, ਆਹ ਮਨੋਰੰਜਨੀ ਆਤਿਸ਼ਬਾਜ਼ੀ ਸਦਾ ਹੀ ਸਾਡੇ ਵਰਗਿਆਂ ਨੂੰ ਵਖ਼ਤ ਪਾ ਦਿੰਦੀ ਹੈ। ਸੱਚ! ਇਹ ਤਾਂ ਦੱਸੋ ਬਣਵਾਸ ਮਗਰੋਂ ਰਾਤੀਂ ਰੱਬ ਦੀ ਘਰ ਵਾਪਸੀ ਹੋਈ ਜਾਂ ਨਹੀਂ। ਕਬੂਤਰ ਦੀ ਇਸ ਵਿੱਥਿਆ ਨੇ ਡਾਕਟਰ ਕੁਲਦੀਪ ਨੂੰ ਸੋਚੀਂ ਪਾ ਦਿੱਤਾ ਸੀ, ਇਸ ਦਾ ਉਹ ਕੋਈ ਜਵਾਬ ਦਿੰਦਾ ਇੰਨੇ ਚਿਰ ਨੂੰ ਕਬੂਤਰ ਨੇ ਉਡਾਰੀ ਮਾਰ ਲਈ ਸੀ।

—ਡਾ. ਗੁਰਤੇਜ ਸਿੰਘ

ਮੰਨਤ

ਕਸਬੇ 'ਚ ਡਾਕਟਰੀ ਕਰਨ ਵਾਲਾ ਉਹ ਸ਼ਖ਼ਸ ਜਾਂਚ ਦੇ ਬਹਾਨੇ ਨਾਬਾਲਗ ਕੁੜੀ ਨਾਲ ਬਲਾਤਕਾਰ ਕਰਨ ਦੇ ਕੇਸ 'ਚੋਂ ਬਰੀ ਹੋਣ 'ਤੇ ਮੰਗੀ ਮੰਨਤ ਕਾਰਨ ਆਪਣੇ ਘਰ ਕੰਜਕਾਂ ਦੀ ਪੂਜਾ ਉਪਰੰਤ ਖੁਸ਼ੀ-ਖੁਸ਼ੀ ਦੇਵੀ ਮਾਤਾ ਦੇ ਮੰਦਰ ਮੱਥਾ ਟੇਕਣ ਜਾ ਰਿਹਾ ਸੀ।

—ਡਾ. ਗੁਰਤੇਜ ਸਿੰਘ

ਆਸ

ਉਸ ਪਰਵਾਸੀ ਮਜ਼ਦੂਰ ਨੇ ਮੋਗਾ-ਮੁਕਤਸਰ ਮੇਨ ਰੋਡ ਉੱਪਰ ਨਾਰੀਅਲਾਂ ਦੀ ਰੇਹੜੀ ਲਗਾਈ ਹੋਈ ਸੀ। ਸੜਕ ਦੇ ਕਿਨਾਰੇ 'ਤੇ ਆ ਕੇ ਕਾਲੇ ਰੰਗ ਦੀ ਕਰੂਜ਼ ਕਾਰ ਰੁਕੀ, ਜਿਸ ਦਾ ਕਾਲਾ ਸ਼ੀਸ਼ਾ ਹੇਠਾਂ ਉਤਾਰ ਕੇ ਕੋਟ ਟਾਈ ਵਾਲੇ ਬਾਬੂ ਨੇ ਉਸ ਮਜ਼ਦੂਰ ਨੂੰ ਆਵਾਜ਼ ਮਾਰਦਿਆਂ ਕਿਹਾ, "ਓਏ ਉਰਾਂ ਆ।" ਸਵੇਰ ਦਾ ਕੋਈ ਗਾਹਕ ਨਹੀਂ ਸੀ ਆਇਆ। ਉਸ ਰੇਹੜੀ ਵਾਲੇ ਦੇ ਕਦਮ ਚਾਅ ਵਿੱਚ ਕਾਹਲੇ ਹੋਏ ਗੱਡੀ ਕੋਲ ਆਣ ਰੁਕੇ। ਬੜੀ ਆਸ ਨਾਲ ਉਹ ਪੁੱਛਣ ਲੱਗਾ, "ਹਾਂ ਜੀ ਬਾਊ ਜੀ...?"

"ਮੁਕਤਸਰ ਨੂੰ ਜਾਣਾ ਹੈ, ਆਹੀ ਸੜਕ ਜਾਂਦੀ ਹੈ?" ਅੱਗੋਂ ਆਕੜਿਆ ਬੈਠਾ ਬਾਬੂ ਬੋਲਿਆ। ਉਹ ਪਰਵਾਸੀ ਚੁੱਪਚਾਪ ਨਿਰਾਸ਼ ਹੋਇਆ ਆਪਣੀ ਥਾਂ 'ਤੇ ਜਾ ਬਿਰਾਜਮਾਨ ਹੋਇਆ। ਬਾਬੂ ਨੇ ਫਿਰ ਪੁੱਛਿਆ, "ਤੈਨੂੰ ਸੁਣਿਆ ਨਹੀਂ, ਮੁਕਤਸਰ ਨੂੰ ਕਿਹੜੀ ਸੜਕ ਜਾਂਦੀ ਐ?"

"ਸਰ, ਸੁਣ ਨਹੀਂ ਰਹਾ ਹੈ....ਈਧਰ ਆ ਜਾਓ...।"

ਆਖਰ ਬਾਬੂ ਗੱਡੀ ਤੋਂ ਉੱਤਰਿਆ ਤੇ ਉਸ ਮਜ਼ਦੂਰ ਕੋਲ ਆ ਕੇ ਫਿਰ ਰੋਅਬ ਵਿੱਚ ਪੁੱਛਣ ਲੱਗਾ, "ਤੂੰ ਬੰਦਾ ਹੈਂ ਕਿ ਜਾਨਵਰ, ਮੈਂ ਤੈਨੂੰ ਕਿੰਨੀ ਵਾਰ ਪੁੱਛਿਆ ਕਿ ਆਹ ਸੜਕ ਮੁਕਤਸਰ ਨੂੰ ਹੀ ਜਾਂਦੀ ਹੈ?"

"ਹਾਂ ਜੀ ਬਾਊ ਜੀ, ਯਹੀ ਜਾ ਰਹੀ ਹੈ।" ਧੀਰਜਤਾ ਭਰੇ ਸ਼ਬਦਾਂ ਨਾਲ ਉਸ ਨੇ ਕਿਹਾ।

"ਤੂੰ ਆਹ ਗੱਲ ਮੈਨੂੰ ਪਹਿਲਾਂ ਵੀ ਦੱਸ ਸਕਦਾ ਸੀ...?"

"ਬਾਊ ਜੀ ਮੈਨੇ ਸੋਚਾ ਕੋਈ ਗ੍ਰਾਹਕ ਹੈ, ਤੋ ਮੈ ਉਠ ਕਰ ਆਪ ਕੇ ਪਾਸ ਆਇਆ ਥਾ....ਫੇਰ ਮੇਰੇ ਕੋ ਮਾਲੂਮ ਹੂਆ ਕਿ ਜਰੂਰਤ ਤੋ ਆਪ ਕੋ ਹੈ....ਤੋ ਆਪ ਕੋ ਮੇਰੇ ਪਾਸ ਆਨਾ ਚਾਹੀਏ ਥਾ .....ਬਾਊ ਜੀ, ਗੁੱਸਾ ਨਹੀਂ ਕਰਨਾ, ਜਬ ਆਪਕੋ ਜਰੂਰਤ ਹੋ ਤੋ ਪਿਆਰ ਸੇ ਪੇਸ਼ ਆਨਾ ਚਾਹੀਏ, ਸਭੀ ਜਗਾ ਦਾਦਾਗਿਰੀ ਨਹੀਂ ਚਲਤੀ.....ਅਬ ਕੁੱਛ ਲੈਨਾ ਹੈ ਤੋ ਬਤਾਏ...।"

ਬੁੜਬੁੜ ਕਰਦਾ ਹੋਇਆ ਬਾਬੂ ਕਾਰ ਦਾ ਸ਼ੀਸ਼ਾ ਚੜ੍ਹਾ ਕੇ ਚੱਲਦਾ ਬਣਿਆ।

—ਤਰਸੇਮ ਲੰਡੇ

ਇਨਸਾਨੀਅਤ

'ਪਾਪਾ..ਪਾਪਾ..ਆਹ ਵੱਡੀ ਟਰਾਫੀ ਤਾਂ ਗੁਰਲੀਨ ਨੂੰ ਮਿਲਣੀ ਚਾਹੀਦੀ ਸੀ..' ਫਸਟ ਪੁਜ਼ੀਸ਼ਨ ਦੀ ਟਰਾਫੀ ਲੈਣ ਦੇ ਬਾਵਜੂਦ ਬੇਟੀ ਚਿੰਤਾਤੁਰ ਹੋ ਆਪਣੇ ਪਾਪਾ ਨੂੰ ਆਖ ਰਹੀ ਸੀ।

'ਪਰ ਬੇਟੇ ਤੇਰੇ ਮਾਰਕਸ ਤਾਂ ਗੁਰਲੀਨ ਨਾਲੋਂ ਜ਼ਿਆਦਾ ਨੇ..' ਮਾਨ ਨਾਲ ਖੜ੍ਹਾ ਪਿਤਾ ਹੈਰਾਨ ਹੋ ਗਿਆ। 'ਤੁਸੀਂ ਤੇ ਮੰਮਾ ਤਾਂ ਮੈਨੂੰ ਘਰ ਵੀ ਪੜ੍ਹਾਉਂਦੇ ਹੋ..ਟਿਊਸ਼ਨ 'ਤੇ ਵੀ ਭੇਜਦੇ ਹੋ..ਤੇ ਉਹਦੀ ਵਿਚਾਰੀ ਦੇ ਪੇਰੈਂਟਸ ਗਰੀਬ ਨੇ ਤੇ ਨਾਲੇ ਅਨਪੜ੍ਹ ਵੀ। ਉਹ ਆਪ ਵੀ ਆਪਣੀ ਮੰਮੀ ਨਾਲ ਕਦੇ-ਕਦਾਈਂ ਕੰਮ ਕਰਾਉਣ ਜਾਂਦੀ ਐ...ਨਾਲੇ ਫਾਈਵ ਮਾਰਕਸ ਦਾ ਕਿੰਨਾ ਕੁ ਡਿਫ਼ੈਂਸ ਹੁੰਦੈ..' ਬੇਟੀ ਭਾਵੁਕਤਾ ਵੱਸ ਲੱਗਭੱਗ ਅੱਖਾਂ ਭਰ ਆਈ ਸੀ। ਪਿਤਾ ਦਾ ਸਿਰ ਹੁਣ ਹੋਰ ਵੀ ਉੱਚਾ ਹੋ ਗਿਆ, ਕਿਉਂਕਿ ਉਸ ਦੀ ਬੇਟੀ ਇਨਸਾਨੀਅਤ ਦੇ ਇਮਤਿਹਾਨ ਵਿੱਚੋਂ ਵੀ ਅੱਵਲ ਆ ਗਈ ਸੀ।

—ਪਰਦੀਪ ਮਹਿਤਾ

ਜਾਨ ਦਾ ਖੌਅ ਬਣਦੀ ਚੀਨੀ ਡੋਰ

ਇਸ ਗੱਲ ਨੂੰ ਚਾਰ ਸਾਲ ਹੋਣ ਵਾਲੇ ਹਨ। ਫਰਵਰੀ 2019 ਦੇ ਪਹਿਲੇ ਹਫ਼ਤੇ ਦੌਰਾਨ ਪੰਜਾਬ ਦੇ ਕਈ ਇਲਾਕਿਆਂ ਵਿੱਚ ਲਗਾਤਾਰ ਘੰਟਿਆਂਬੱਧੀ ਗਰਜ-ਚਮਕ ਨਾਲ ਪੈਂਦੇ ਰਹੇ ਭਾਰੀ ਮੀਂਹ ਨੇ ਠੰਢ ਵਿੱਚ ਵਾਧਾ ਕਰਕੇ ਲੋਕਾਂ ਦੀਆਂ ਪਰੇਸ਼ਾਨੀਆਂ ਨੂੰ ਬਹੁਤ ਹੱਦ ਤੱਕ ਵਧਾ ਦਿੱਤਾ ਸੀ। ਮੀਂਹ ਤੇ ਗੜੇਮਾਰੀ ਪਿੱਛੋਂ ਕਈ ਦਿਨਾਂ ਬਾਅਦ ਉਸ ਦਿਨ ਟਿਕਵੀਂ ਧੁੱਪ ਨਿਕਲੀ ਸੀ। ਮੌਕਾ ਅਜਿਹਾ ਕਿ ਉਸ ਦਿਨ ਬਸੰਤ ਸੀ। ਧੁੱਪ ਦੇ ਨਿੱਘ ਵਿੱਚ ਬੈਠਣ ਦੀ ਇੱਛਾ ਹਿੱਤ ਮੈਂ ਛੱਤ 'ਤੇ ਜਾ ਕੇ ਬੈਠ ਜਾਂਦਾ ਹਾਂ ਅਤੇ ਅਖ਼ਬਾਰਾਂ ਪੜ੍ਹਨ ਲੱਗ ਜਾਂਦਾ ਹਾਂ। ਕੁਝ ਕੁ ਮਿੰਟਾਂ ਪਿੱਛੋਂ ਹੀ ਮੇਰਾ ਧਿਆਨ ਮੇਰੇ ਐਨ ਨੇੜਿਓਂ ਧੀਮੀ ਜਿਹੀ ਸੁਰ ਵਿੱਚ ਆਉਂਦੀ ਸਰ-ਸਰ ਦੀ ਆਵਾਜ਼ ਵੱਲ ਚਲਾ ਜਾਂਦਾ ਹੈ। ਵੇਖਿਆ ਤਾਂ ਛੱਤ ਨਾਲ ਘਿਸਰ-ਘਿਸਰ ਕੇ ਤੇਜ਼ੀ ਨਾਲ ਖਿਸਕਦੀ ਜਾ ਰਹੀ ਪਤੰਗ ਉਡਾਉਣ ਵਾਲੀ ਡੋਰ ਨਜ਼ਰ ਆਉਂਦੀ ਹੈ। ਡੋਰ ਵਿੱਚ ਉਲਝਿਆ ਕਾਗਜ਼ ਦਾ ਛੋਟਾ ਜਿਹਾ ਟੁਕੜਾ ਆਵਾਜ਼ ਪੈਦਾ ਕਰ ਰਿਹਾ ਸੀ। ਵੇਖਦਿਆਂ-ਵੇਖਦਿਆਂ ਡੋਰ ਟੁੱਟ ਕੇ ਰੁਕ ਜਾਂਦੀ ਹੈ। ਬਸੰਤ ਦਾ ਦਿਨ ਹੋਣ ਕਰਕੇ ਚੁਫੇਰਿਓਂ ਛੱਤਾਂ 'ਤੇ ਚੜ੍ਹ ਕੇ ਪਤੰਗਾਂ ਉਡਾ ਰਹੇ ਬੱਚਿਆਂ ਤੇ ਵੱਡਿਆਂ ਦਾ ਸ਼ੋਰ ਸੁਣਾਈ ਦੇ ਰਿਹਾ ਸੀ। ਮੈਂ ਛੱਤ 'ਤੇ ਵਿਛੀ ਤੇ ਸਿਰਕਦੀ ਜਾਂਦੀ ਡੋਰ ਨੂੰ ਹੱਥਾਂ ਵਿਚ ਫੜ ਕੇ ਵੇਖਣ ਲਈ ਉਤਸੁਕ ਹੋ ਰਿਹਾ ਸਾਂ। ਆਪਣੇ ਬਚਪਨ ਵਿੱਚ ਮੈਂ ਬੱਚਿਆਂ ਨੂੰ ਸੂਤ ਦੇ ਧਾਗੇ ਦੀ ਅੱਟੀ ਜਾਂ ਸੂਤੜੀ ਨਾਲ ਜਾਂ ਫਿਰ ਹਲਕਾ ਜਿਹਾ ਮਾਂਝਾ ਲੱਗੀ ਡੋਰ ਨਾਲ ਪਤੰਗਾਂ ਉਡਾਉਂਦਿਆਂ ਵੇਖਦਾ ਰਿਹਾ ਹਾਂ। ਐਤਵਾਰ ਹੋਣ ਕਾਰਨ ਉਸ ਦਿਨ ਮੇਰਾ ਇੰਜੀਨੀਅਰ ਬੇਟਾ ਘਰ ਹੀ ਸੀ। ਉਸ ਨੇ ਮੈਨੂੰ ਦੱਸਿਆ ਕਿ ਇਹ ਤਾਂ ਚੀਨੀ ਡੋਰ ਹੈ। ਇਸ ਨੂੰ ਮੇਰੀ ਅਗਿਆਨਤਾ ਸਮਝੋ ਕਿ ਪਲਾਸਟਿਕ ਦੀ ਬਹੁਤ ਬਾਰੀਕ ਜਿਹੀ ਤਾਰ ਵਰਗੀ ਇਸ ਚੀਨੀ ਡੋਰ ਨੂੰ ਮੈਂ ਪਹਿਲੀ ਵਾਰ ਵੇਖ ਰਿਹਾ ਸਾਂ। ਚੀਨੀ ਡੋਰ, ਉਸ ਕਾਰਨ ਹੁੰਦੇ ਹਾਦਸਿਆਂ, ਉਸ ਨਾਲ ਹੁੰਦੇ ਜਾਨੀ-ਮਾਲੀ ਨੁਕਸਾਨ ਬਾਰੇ ਹੁਣ ਤੱਕ ਪੜ੍ਹਿਆ-ਸੁਣਿਆ ਤਾਂ ਬਹੁਤ ਕੁਝ ਸੀ, ਪਰ ਚੀਨੀ ਡੋਰ ਨੂੰ ਆਪਣੀਆਂ ਅੱਖਾਂ ਨਾਲ ਵੇਖਣ ਦਾ ਇਹ ਮੇਰਾ ਪਹਿਲਾ ਮੌਕਾ ਸੀ। ਚੀਨੀ ਡੋਰ ਨੂੰ ਵੇਖਣਾ ਹੀ ਮੈਨੂੰ ਬਿਲਕੁਲ ਚੰਗਾ ਨਹੀਂ ਸੀ ਲੱਗ ਰਿਹਾ। ਉਹ ਡੋਰ ਮੇਰੀਆਂ ਅੱਖਾਂ ਨੂੰ ਤਕਲੀਫ਼ ਦੇ ਰਹੀ ਸੀ, ਮੈਨੂੰ ਚੁਭਣ ਜਿਹੀ ਹੋ ਰਹੀ ਹੋਣ ਦਾ ਅਹਿਸਾਸ ਹੋਣ ਲੱਗ ਪਿਆ ਸੀ। ਮੈਂ ਸੋਚ ਰਿਹਾ ਸਾਂ ਕਿ ਇਸ ਡੋਰ ਦੀ ਲਪੇਟ ਵਿੱਚ ਆਉਣ ਵਾਲੇ ਅਤੇ ਇਸ ਦੀ ਕਰੋਪੀ ਤੋਂ ਪੀੜਤ ਲੋਕਾਂ ਦਾ ਕੀ ਹਾਲ ਹੁੰਦਾ ਹੋਵੇਗਾ? ਪਿਛਲੇ ਕਈ ਸਾਲਾਂ ਤੋਂ ਇਹ ਡੋਰ ਲੋਕਾਂ ਦੀ ਜਾਨ ਦਾ ਖੌਅ ਬਣਦੀ ਚਲੀ ਆ ਰਹੀ ਹੈ। ਪਤੰਗਾਂ ਉਡਦੀਆਂ ਹਨ। ਬਹੁਤ ਸੁਹਣੀਆਂ, ਬਹੁਤ ਚੰਗੀਆਂ ਲੱਗਦੀਆਂ ਹਨ। ਪਤੰਗਾਂ ਉਡਾਉਣ ਵਾਲੇ ਇੰਜ ਮਹਿਸੂਸ ਕਰਦੇ ਹਨ, ਜਿਵੇਂ ਪਤੰਗਾਂ ਉਨ੍ਹਾਂ ਨੂੰ ਵੀ ਆਪਣੇ ਨਾਲ ਹੀ ਹੁਲਾਰੇ ਦੇ ਰਹੀਆਂ ਹੋਵਣ! ਰੰਗ-ਬਰੰਗੀਆਂ, ਭਾਂਤ-ਸੁਭਾਂਤੀਆਂ ਪਤੰਗਾਂ ਉੱਡਦੀਆਂ ਹਨ ਤਾਂ ਬਹੁਤ ਮਨਮੋਹਕ ਦ੍ਰਿਸ਼ ਪੇਸ਼ ਕਰਦੀਆਂ ਹਨ, ਪਰ ਮਨ ਵਿੱਚ

8-Jan-Sunday.qxd 1/7/2023 10:00 PM Page 2

ਮੇਰੀ ਮਾਤਾ ਮੇਰੀ ਪਹਿਲੀ ਅਧਿਆਪਕਾ ਸੀ

ਡਾ. ਡੀ ਪੀ ਸਿੰਘ

ਖੈੜਾਂ

ਮੁਲਾਕਾਤੀ : ਪ੍ਰਿੰ. ਹਰੀ ਕ੍ਰਿਸ਼ਨ ਮਾਇਰ

ਡਾ. ਡੀ.ਪੀ. ਸਿੰਘ ਦਾ ਪੂਰਾ ਨਾਂਅ ਡਾ. ਦਵਿੰਦਰ ਪਾਲ ਸਿੰਘ ਹੈ। ਉਸ ਨੇ ਇੰਡੋ-ਕੈਨੇਡੀਅਨ ਖੋਜਕਾਰ, ਸਿੱਖਿਆ ਵਿਸ਼ੇਸ਼ੱਗ, ਵਿਗਿਆਨ ਗਲਪ ਦੇ ਅਨੁਭਵੀ ਲੇਖਕ ਵਜੋਂ ਚੋਖੀ ਮਕਬੂਲੀਅਤ ਹਾਸਲ ਕੀਤੀ ਹੈ। ਉਹ ਕਿਸੇ ਰਸਮੀ ਜਾਣਕਾਰੀ ਦਾ ਮੁਹਤਾਜ ਨਹੀਂ। ਸਿੱਖ ਧਰਮ ਸ਼ਾਸਤਰੀ ਹੈ, ਟੀ.ਵੀ ਹੋਸਟ ਹੈ, ਆਪਣੇ ਖੋਜ ਕਾਰਜਾਂ ਖਾਤਰ ਦੂਰ-ਦੂਰ ਤੱਕ ਘੁੰਮਿਆ-ਫਿਰਿਆ ਹੈ। ਉਨ੍ਹਾ ਦੇ ਖੋਜ ਪੱਤਰ ਦੇਸ਼-ਵਿਦੇਸ਼ ਦੇ ਖੋਜ ਰਸਾਲਿਆਂ ਵਿੱਚ ਪ੍ਰਕਾਸ਼ਤ ਹੋਏ ਹਨ। ਮੈਂ ਕਾਫੀ ਸਮੇਂ ਤੋਂ ਉਨ੍ਹਾ ਨਾਲ ਮੁਲਾਕਾਤ ਕਰਕੇ ਨਵਾਂ ਜ਼ਮਾਨਾ ਦੇ ਪਾਠਕਾਂ ਦੇ ਰੂਬਰੂ ਕਰਨਾ ਚਾਹੁੰਦਾ ਸੀ। ਇਹ ਮੌਕਾ ਮੈਨੂੰ ਕੈਨੇਡਾ ਦੀ ਫੇਰੀ ਦੌਰਾਨ ਮਿਲਿਆ। ਲਓ ਪੇਸ਼ ਹਨ ਡਾ. ਦਵਿੰਦਰਪਾਲ ਸਿੰਘ ਨਾਲ ਹੋਈ ਮੁਲਾਕਾਤ ਦੇ ਕੁਝ ਅੰਸ਼ :

ਡੀ ਪੀ ਸਿੰਘ ਨੂੰ ਸਨਮਾਨਿਤ ਕਰਦੇ ਡਾ. ਬੀ ਐਸ ਢਿੱਲੋਂ ਅਤੇ ਡਾ. ਗੁਲਜ਼ਾਰ ਸਿੰਘ ਕੰਗ

? ਡਾ. ਦਵਿੰਦਰਪਾਲ ਸਿੰਘ ਜੀ ਤੁਸੀਂ ਆਪਣੇ ਜਨਮ ਅਤੇ ਸਿੱਖਿਆ ਬਾਰੇ ਪਾਠਕਾਂ ਨਾਲ ਜਾਣਕਾਰੀ ਸਾਂਝੀ ਕਰੋ।

-ਮੇਰਾ ਜਨਮ ਸੰਨ 1956 ਵਿੱਚ ਹੁਸ਼ਿਆਰਪੁਰ (ਪੰਜਾਬ) ਵਿਖੇ ਮਾਤਾ ਸ੍ਰੀਮਤੀ ਪ੍ਰਕਾਸ਼ ਕੌਰ ਅਤੇ ਪਿਤਾ ਸ. ਅਰਜਨ ਸਿੰਘ ਦੇ ਘਰ ਹੋਇਆ। ਮੇਰੇ ਪਿਤਾ ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਵਿੱਚ ਨੰਗਲ ਵਿਖੇ ਨੌਕਰੀ ਕਰਦੇ ਸਨ। ਮੈਂ ਦਸਵੀਂ ਤੱਕ ਆਪਣੇ ਪਿੰਡ ਬੀਰਮਪੁਰ ਦੇ ਸਰਕਾਰੀ ਹਾਈ ਸਕੂਲ ਵਿੱਚ ਪੜ੍ਹਿਆ। ਦਸਵੀਂ ਵਿੱਚ ਰਾਸ਼ਟਰੀ ਵਜ਼ੀਫਾ ਹਾਸਲ ਕੀਤਾ। ਸਰਕਾਰੀ ਕਾਲਜ ਟਾਂਡਾ ਉੜਮੁੜ ਤੋਂ ਮੈਂ ਬੀ.ਐੱਸ.ਸੀ, ਪੰਜਾਬ ਯੂਨੀਵਰਸਿਟੀ ਤੋਂ ਐੱਮ.ਐੱਸ.ਸੀ (ਫਿਜ਼ੀਕਸ) ਦੀ ਡਿਗਰੀ ਹਾਸਲ ਕੀਤੀ। ਸੰਨ 1986 ਵਿੱਚ ਮੈਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਡਾ. ਸੁਰਜੀਤ ਸਿੰਘ ਭੱਟੀ ਦੀ ਅਗਵਾਈ ਵਿੱਚ 'ਪਰਾ ਧੁਨੀ ਤਰੰਗਾਂ ਦੀ ਵਰਤੋਂ ਨਾਲ ਤਿੰਨ ਦ੍ਰਵਾਂ ਦੇ ਮਿਸ਼ਰਨਾਂ ਵਿੱਚ ਅਣੂਵੀ ਪ੍ਰਤੀਕਰਿਆਵਾਂ ਦਾ ਅਧਿਐਨ' ਖੋਜ-ਅਧਿਐਨ ਕਰਨ ਤੇ ਪੀ.ਐੱਚ.ਡੀ ਹਾਸਲ ਕੀਤੀ।

? ਸਕੂਲ, ਕਾਲਜ ਵੇਲੇ ਦੀ ਕੋਈ ਅਜਿਹੀ ਯਾਦ ਸਾਂਝੀ ਕਰੋ, ਜੋ ਤੁਹਾਨੂੰ ਕਦੀ ਵੀ ਨਾ ਭੁੱਲੀ ਹੋਵੇ।

-ਸਾਡੇ ਪੰਜਾਬੀ ਦੇ ਅਧਿਆਪਕ ਸਨ ਸ੍ਰੀ ਗੁਰਦਿਆਲ ਸਿੰਘ ਸ਼ਾਹੀ। ਉਨ੍ਹਾ ਕੋਲ ਲਾਇਬਰੇਰੀ ਦਾ ਚਾਰਜ ਸੀ। ਬੱਚਿਆਂ ਨੂੰ ਕਿਤਾਬਾਂ ਦੇਣ-ਲੈਣ ਦਾ ਕੰਮ, ਉਨ੍ਹਾ ਦਾ ਮੈਂ ਹੀ ਕਰਦਾ ਹੁੰਦਾ ਸੀ, ਤਾਂ ਹੀ ਮੈਂ ਪੰਜਾਬੀ ਦੇ ਪ੍ਰਮੁੱਖ ਲੇਖਕ ਅਤੇ ਹਿੰਦੀ ਦੇ ਮੁਨਸ਼ੀ ਪ੍ਰੇਮ ਚੰਦ ਤੇ ਕ੍ਰਿਸ਼ਨਾ ਸੋਬਤੀ ਅਤੇ ਕਾਲੀਦਾਸ, ਰਾਵਿੰਦਰ ਨਾਥ ਟੈਗੋਰ, ਸ਼ਰਤ ਚੰਦਰ ਚਟੋਪਾਧਿਆਏ ਆਦਿ ਲੇਖਕਾਂ ਦੀਆਂ ਪੁਸਤਕਾਂ ਦੇ ਹਿੰਦੀ ਰੂਪਾਂਤਰਨ ਛੇਤੀ ਹੀ ਪੜ੍ਹ ਲਏ ਸਨ। ਇਸ ਦੇ ਨਾਲ ਮੈਂ ਪੰਜਾਬੀ ਸਾਹਿਤ ਲਿਖਣ ਵੱਲ ਰੁਚਿਤ ਵੀ ਹੋਇਆ ਸਾਂ।

? ਉਨ੍ਹਾ ਅਧਿਆਪਕਾਂ ਦਾ ਜ਼ਿਕਰ ਕਰੋ, ਜਿਨ੍ਹਾਂ ਨੇ ਤੁਹਾਡੀ ਸ਼ਖਸੀਅਤ ਨੂੰ ਕਾਫੀ ਪ੍ਰਭਾਵਿਤ ਕੀਤਾ ਹੋਵੇ।

-ਮੇਰੇ ਮਾਤਾ ਜੀ ਮੇਰੀ ਪਹਿਲੀ ਅਧਿਆਪਕਾ ਸੀ। ਸਕੂਲੀ ਸਮੇਂ ਦੌਰਾਨ ਅਧਿਆਪਕ ਸ੍ਰੀ ਗੁਰਦਿਆਲ ਸਿੰਘ ਸ਼ਾਹੀ, ਸ੍ਰੀਮਤੀ ਸਤਵੰਤ ਕੌਰ, ਮੁੱਖ ਅਧਿਆਪਕ ਸੋਹਣ ਸਿੰਘ ਕਸਬਾ, ਸਰਵਣ ਸਿੰਘ ਬਾਠ, ਕਾਲਜ ਸਮੇਂ ਪ੍ਰੋ. ਚਰਨਜੀਤ ਸਿੰਘ, ਪ੍ਰੋ. ਸ.ਸ. ਡਡਵਾਲ ਤੇ ਡਾ. ਵਿਦਵਾਨ ਸਿੰਘ ਸੋਨੀ ਤੋਂ ਮੈਂ ਗਿਆਨ ਤੇ ਜੀਵਨ-ਜਾਚ ਸਿੱਖੀ। ਯੂਨੀਵਰਸਿਟੀ ਸਮੇਂ ਪ੍ਰੋ. ਸੁਰਜੀਤ ਸਿੰਘ ਭੱਟੀ, ਡਾ. ਹਰਦੇਵ ਸਿੰਘ ਵਿਰਕ ਨੇ ਮੈਨੂੰ ਕਾਫੀ ਪ੍ਰਭਾਵਿਤ ਕੀਤਾ ਹੈ।

? ਪੜ੍ਹਨ ਸਮੇਂ ਕੁਝ ਪੱਕੇ ਦੋਸਤ ਵੀ ਬਣੇ ਹੋਣਗੇ। ਕੁਝ ਅੱਜ ਵੀ ਤੁਹਾਡੇ ਸੰਪਰਕ ਵਿੱਚ ਹੋਣਗੇ, ਜ਼ਿਕਰ ਕਰੋ।

-ਮੇਰੇ ਖਾਸ ਦੋਸਤਾਂ ਵਿੱਚ ਸੁਖਜੀਤ ਸਿੰਘ ਬੈਂਸ, ਹਰਦੀਪ ਸਿੰਘ, ਪਰਮਿੰਦਰ ਸਿੰਘ, ਗੁਰਪਾਲ ਸਿੰਘ, ਸ਼ਿਆਮ ਵੈਦ, ਰਾਵਿੰਦਰ ਬਾਠ, ਐੱਨ.ਪੀ. ਸਿੰਘ, ਪ੍ਰੀਤਮ ਸਿੰਘ ਗਿੱਲ, ਤਰਸੇਮ ਸਿੰਘ ਭੰਗਲ ਆਦਿ ਮੈਨੂੰ ਅੱਜ ਵੀ ਚੇਤੇ ਆਉਂਦੇ ਹਨ। ਅਗਲੇਰੇ ਪੜਾਅ 'ਤੇ ਫੁਲਵੰਤ ਸਿੰਘ ਮਨੋਚਾ, ਡਾ. ਗੁਲਜ਼ਾਰ ਸਿੰਘ ਕੰਗ, ਬਲਬੀਰ ਸੈਣੀ, ਨਿਰਮਲ ਕਪਿਲਾ, ਡਾ. ਸੋਲਮਨ ਨਾਜ ਤੇ ਦਵਿੰਦਰ ਸ਼ਰਮਾ ਦਾ ਵੀ ਮੇਰੀ ਨੇੜਤਾ ਵਿੱਚ ਸ਼ੁਮਾਰ ਹੈ।

? ਤੁਸੀਂ ਨੌਕਰੀ ਕਦੋਂ ਸ਼ੁਰੂ ਕੀਤੀ? ਸੰਖੇਪ ਵਿੱਚ ਦੱਸੋ ਕਿ ਤੁਸੀਂ ਕਿਹੜੇਕਿਹੜੇ ਥਾਂਵਾਂ 'ਤੇ ਰਹੇ ਹੋ।

-ਮੈਂ ਸੰਨ 1978 ਵਿੱਚ ਐੱਮ.ਐੱਸ.ਸੀ (ਫਿਜ਼ੀਕਸ) ਕਰਨ ਉਪਰੰਤ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਚੰਡੀਗੜ੍ਹ ਫਿਜ਼ੀਕਸ ਪੜ੍ਹਾਉਣ ਲੱਗ ਪਿਆ ਸਾਂ, ਪਰ ਥੋੜ੍ਹਾ ਸਮਾਂ ਬਾਅਦ ਹੀ ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਆ ਗਿਆ। ਸੰਨ 1979-80 ਦੌਰਾਨ ਮੈਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ, ਡਾ. ਸੁਰਜੀਤ ਸਿੰਘ ਭੱਟੀ ਦੀ ਨਿਗਰਾਨੀ ਅਧੀਨ ਫਿਜ਼ੀਕਸ ਵਿਸ਼ੇ ਵਿੱਚ ਡਾਕਟਰੇਟ ਕਰਨੀ ਆਰੰਭ ਕੀਤੀ। ਸੰਨ 1986 ਵਿੱਚ ਮੈਨੂੰ ਪੀ.ਐੱਚ.ਡੀ ਦੀ ਡਿਗਰੀ ਮਿਲ ਗਈ, ਪਰ ਸੰਨ 1980 ਵਿੱਚ ਮੈਂ ਸ਼ਿਵਾਲਿਕ ਕਾਲਜ, ਨਯਾ ਨੰਗਲ ਵਿਖੇ ਫਿਜ਼ੀਕਸ ਦੀ ਪੱਕੀ ਆਸਾਮੀ 'ਤੇ ਆ ਗਿਆ ਸਾਂ। ਸੰਨ 1997 'ਚ ਇਸ ਕਾਲਜ ਨੂੰ ਸਰਕਾਰੀ ਬਣਾ ਦਿੱਤਾ ਗਿਆ। ਫਿਰ ਪੰਜਾਬ ਦੇ ਹੋਰਨਾਂ ਕਾਲਜਾਂ ਵਿੱਚ ਮੈਨੂੰ ਐਸੋਸੀਏਟ ਪ੍ਰੋਫੈਸਰ ਵਜੋਂ ਸੇਵਾ ਕਰਨ ਦਾ ਮੌਕਾ ਮਿਲਿਆ। ਤਕਰੀਬਨ ਤੀਹ ਸਾਲ ਮੇਰਾ ਅਧਿਆਪਨ ਸਮਾਂ ਬਣਦਾ ਹੈ। ਸੇਵਾ ਦੌਰਾਨ ਮੈਂ ਪੰਜਾਬੀ ਯੂਨੀਵਰਸਿਟੀ ਅਤੇ ਥਾਪਰ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਦੀ ਸੈਨਿਟ ਅਤੇ ਬੋਰਡ ਆਫ ਸਟੱਡੀਜ਼ ਦਾ ਮੈਂਬਰ ਵੀ ਰਿਹਾ ਹਾਂ। ਟੀਚਰ ਯੂਨੀਅਨ ਵਿੱਚ ਵੀ ਸਰਗਰਮ ਰਿਹਾ ਹਾਂ।

? ਤੁਹਾਡਾ ਕੋਈ ਵਿਦਿਆਰਥੀ ਅੱਗੇ ਚੱਲ ਕੇ ਉੱਚਾ ਰੁਤਬਾ ਪਾ ਗਿਆ ਹੋਵੇ ਤਾਂ ਜ਼ਿਕਰ ਕਰੋ।

-ਮੇਰਾ ਵਿਦਿਆਰਥੀ ਦੀਪਕ ਸ਼ਰਮਾ ਚਨਾਰਥਲ ਅੱਜ ਸੀਨੀਅਰ ਪੱਤਰਕਾਰ ਹੈ, ਖੁਸ਼ਹਾਲ ਲਾਲੀ ਬੀ.ਬੀ ਸੀ ਦਾ ਨਿਊਜ਼ ਰਿਪੋਰਟਰ ਹੈ। ਡਾ. ਅਸ਼ਵਨੀ ਕੁਮਾਰ ਸਿਰਕੱਢ ਨਿਓਰੋ ਸਰਜਨ ਹੈ, ਪ੍ਰੋ. ਅਰੁਣ ਉਪਮੰਨਿਊ ਤੇ ਪ੍ਰਿੰਸੀਪਲ ਅਰਵਿੰਦ ਕੁਮਾਰ ਸ਼ਰਮਾ, ਡਾ. ਅਤੁੱਲ ਜੋਸ਼ੀ, ਸ੍ਰੀਮਤੀ ਸ਼ਹਿਨਾਜ਼ ਆਲ ਇੰਡੀਆ ਰੇਡੀਓ ਵਿੱਚ ਪ੍ਰੋਗਰਾਮ ਪ੍ਰੋਡਿਊਸਰ ਹਨ। ਹੋਰ ਵੀ ਕਈ ਵਿਦਿਆਰਥੀ ਸਮਾਜ ਵਿੱਚ ਮਹੱਤਵ ਵਾਲਾ ਸਥਾਨ ਬਣਾ ਚੁੱਕੇ ਹਨ।

ਡੀ ਪੀ ਸਿੰਘ, ਪ੍ਰੋਫੈਸਰ ਪ੍ਰੀਤਮ ਸਿਘ ਆਕਸਫੋਰਡ ਯੂਨੀਵਰਸਿਟੀ, ਪ੍ਰੋਫੈਸਰ ਪਰਮਿੰਦਰ ਕੌਰ

? ਤੁਹਾਡੀ ਪਹਿਲੀ ਰਚਨਾ ਕਦੋਂ ਤੇ ਕਿੱਥੇ ਛਪੀ। ਫਿਰ ਤੁਹਾਡੀਆਂ ਰਚਨਾਵਾਂ ਕਿੱਥੇ-ਕਿੱਥੇ ਛਪੀਆਂ, ਵਿਸਥਾਰ ਵਿੱਚ ਦੱਸੋ।

-ਮੇਰੀ ਪਹਿਲੀ ਰਚਨਾ 'ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜੀਵਨ ਤੇ ਰਚਨਾ' ਸੰਨ 1975 'ਚ ਕਾਲਜ ਦੇ ਮੈਗਜ਼ੀਨ ਵਿੱਚ ਛਪੀ ਸੀ। ਸੰਨ 1988 ਤੋਂ ਮੇਰੀਆਂ ਰਚਨਾਵਾਂ ਵੱਖ-ਵੱਖ ਅਖਬਾਰਾਂ ਵਿੱਚ ਪ੍ਰਕਾਸ਼ਤ ਹੋਣ ਲੱਗ ਪਈਆਂ ਸਨ। ਵਿਦੇਸ਼ਾਂ ਵਿੱਚ ਮੇਰੀਆਂ ਰਚਨਾਵਾਂ ਇੰਡੋ-ਕੈਨੇਡੀਅਨ ਟਾਈਮਜ਼, ਡੇਲੀ ਪੰਜਾਬੀ, ਪਰਵਾਸੀ ਵੀਕਲੀ ਅਤੇ ਪੰਜਾਬ ਟਾਈਮਜ਼ ਜਿਹੇ ਅਖਬਾਰਾਂ ਵਿੱਚ ਸ਼ਾਮਲ ਹੁੰਦੀਆਂ ਆ ਰਹੀਆਂ ਹਨ। ਮੇਰੀਆਂ ਰਚਨਾਵਾਂ ਪੰਜਾਬੀ ਦੇ ਸਿਰਕੱਢ ਰਸਾਲਿਆਂ ਦੇ ਨਾਲ ਵਿਗਿਆਨ ਦੇ ਨਕਸ਼, ਯੋਜਨਾ, ਤਰਕਸ਼ੀਲ ਆਦਿ ਵਿੱਚ ਕੁਲ ਮਿਲਾ ਕੇ ਮੇਰੀਆਂ 1500 ਦੇ ਕਰੀਬ ਰਚਨਾਵਾਂ ਛਪੀਆਂ ਹਨ। ਪਾਕਿਸਤਾਨ ਤੋਂ ਨਿਕਲਦੇ 'ਪੰਖੇਰੂ' ਵਿੱਚ ਮੇਰੀਆਂ ਤਿੰਨ ਦਰਜਨ ਰਚਨਾਵਾਂ ਛਪੀਆਂ। ਖਾਸ ਕਰਕੇ ਸਾਇੰਸ ਰਿਪੋਰਟਰ, ਸਾਇੰਸ ਇੰਡੀਆ, ਇਨਵੈਨਸ਼ਨ ਇੰਟੈਲੀਜੈਂਸ, ਸੀਨੀਅਰ ਸਾਇੰਸ ਡਾਈਜੈਸਟ, ਐਡਵਾਂਸ, ਅਲਾਇਵ, ਵੋਮੈਨ ਇਰਾ, ਆਇਡੈਂਟਿਟੀ, ਦ ਸਿੱਖ ਰੀਵਿਊ, ਦ ਸਿੱਖ ਬੁਲਿਟਿਨ, ਅੰਡਰਸਟੈਂਡਿੰਗ ਸਿੱਖਇਜ਼ਮ ਵਿੱਚ ਵੀ ਮੇਰੀਆਂ ਰਚਨਾਵਾਂ ਛਪ ਚੁੱਕੀਆਂ ਹਨ।

? ਵਿਗਿਆਨ ਸਾਹਿਤ ਲਿਖਦਿਆਂ ਆਪਣੀਆਂ ਪ੍ਰਕਾਸ਼ਤ ਪੁਸਤਕਾਂ ਦਾ ਵੇਰਵਾ ਦਿਓ।

-ਮੇਰੀਆਂ ਵਿਗਿਆਨ, ਧਰਮ ਅਤੇ ਵਾਤਾਵਰਨ ਸੰਬੰਧੀ ਹੁਣ ਤੀਕ 26 ਕਿਤਾਬਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਇਨ੍ਹਾ ਵਿੱਚ 23 ਕਿਤਾਬਾਂ ਪੰਜਾਬੀ ਵਿੱਚ, ਤਿੰਨ ਅੰਗਰੇਜ਼ੀ ਵਿੱਚ ਅਤੇ ਇਕ ਸ਼ਾਹਮੁਖੀ ਲਿਪੀ ਵਿੱਚ ਹੈ। ਬੱਚਿਆਂ ਲਈ ਮੇਰੀਆਂ ਦਸ ਕਿਤਾਬਾਂ : ਟੈਲੀਪ੍ਰਿੰਟਰ, ਅਜਬ ਹੈ ਰਾਤ ਦੀ ਅੰਬਰ, ਸਤਰੰਗ, ਰੋਬੋਟ, ਮਨੁੱਖ ਤੇ ਕੁਦਰਤ, ਧਰਤੀਏ ਰੁਕ ਜਾ, ਧਰਤੀ ਮਾਂ ਬਿਮਾਰ ਹੈ ਅਤੇ ਹੋਰ ਨਾਟਕ, ਸਤਰੰਗੀ ਪੀਂਘ ਅਤੇ ਹੋਰ ਨਾਟਕ ਛਪ ਚੁੱਕੀਆਂ ਹਨ। ਤਿੰਨ ਹੋਰ ਪੁਸਤਕਾਂ ਛਪਾਈ ਅਧੀਨ ਹਨ।

? ਤੁਸੀਂ ਸੇਵਾ ਕਾਲ ਦੌਰਾਨ ਪ੍ਰਮੁੱਖ ਕਾਨਫਰੰਸਾਂ, ਸੈਮੀਨਾਰਾਂ ਵਿੱਚ ਕਿੱਥੇ-ਕਿੱਥੇ ਸ਼ਾਮਲ ਹੋਏ? ਤੁਹਾਡੇ ਕਿੰਨੇ ਖੋਜ ਪੱਤਰ/ਖੋਜ ਨਿਬੰਧ ਅੰਤਰਰਾਸ਼ਟਰੀ/ ਰਾਸ਼ਟਰੀ ਪੱਧਰ ਦੇ ਰਸਾਲਿਆਂ ਵਿੱਚ ਪ੍ਰਕਾਸ਼ਤ ਹੋ ਚੁੱਕੇ ਹਨ।

-ਸੇਵਾ ਕਾਲ ਦੌਰਾਨ ਮੈਂ ਤਕਰੀਬਨ 50 ਅੰਤਰਰਾਸ਼ਟਰੀ ਤੇ ਰਾਸ਼ਟਰੀ ਕਾਨਫਰੰਸਾਂ/ਸੈਮੀਨਾਰਾਂ ਵਿੱਚ ਸ਼ਮੂਲੀਅਤ ਕੀਤੀ ਹੈ। ਸੰਨ 1987 'ਚ ਲੰਡਨ (ਇੰਗਲੈਂਡ), 1988 'ਚ ਸ਼ੰਘਾਈ (ਚੀਨ), ਹਾਂਗਕਾਂਗ, ਸੰਨ 2006 'ਚ ਐਡਮਿੰਟਨ (ਕੈਨੇਡਾ) ਵਿਖੇ ਕਾਨਫਰੰਸਾਂ/ਸੈਮੀਨਾਰਾਂ ਵਿੱਚ ਭਾਰਤ ਦੀ ਪ੍ਰਤੀਨਿਧਤਾ ਕਰਨ ਦਾ ਮਾਣ ਮਿਲਿਆ। ਹੁਣ ਤੀਕ ਮੇਰੇ 100 ਖੋਜ ਪੱਤਰ ਅੰਤਰਰਾਸ਼ਟਰੀ ਪੱਧਰ ਦੇ ਖੋਜ ਰਸਾਲਿਆਂ ਵਿੱਚ ਪ੍ਰਕਾਸ਼ਤ ਹੋ ਚੁੱਕੇ ਹਨ।

? ਤੁਹਾਨੂੰ ਮਾਣ-ਸਨਮਾਨ ਵੀ ਪ੍ਰਾਪਤ ਹੋਏ ਹੋਣਗੇ, ਪਾਠਕਾਂ ਨੂੰ ਜਾਣਕਾਰੀ ਦਿਓ।

-ਭਾਸ਼ਾ ਵਿਭਾਗ ਪੰਜਾਬ ਵੱਲੋਂ ਸੰਨ 1991 ਵਿੱਚ ਮੇਰੀ ਵਿਗਿਆਨ ਕਹਾਣੀਆਂ ਦੀ ਪੁਸਤਕ 'ਸਤਰੰਗ' ਨੂੰ ਪਹਿਲੀ ਵਾਰ ਸ਼੍ਰੋਮਣੀ ਬਾਲ ਸਾਹਿਤ ਪੁਸਤਕ ਪੁਰਸਕਾਰ ਮਿਲਿਆ। ਸਾਰੰਗ ਚੰਡੀਗੜ੍ਹ ਵੱਲੋਂ ਸੰਨ 1994 'ਚ ਮੇਰੀ ਪੁਸਤਕ 'ਸੀ.ਵੀ. ਰਮਨ-ਜੀਵਨ ਤੇ ਸਮਾਂ' ਨੂੰ ਹੈਨੀਬਲ ਸਾਹਿਤ ਰਤਨ ਪੁਰਸਕਾਰ ਮਿਲਿਆ। ਭਾਸ਼ਾ ਵਿਭਾਗ, ਪੰਜਾਬ ਵੱਲੋਂ ਸੰਨ 1997 'ਚ ਮੇਰੀ ਪੁਸਤਕ ਰੋਬੋਟ, ਮਨੁੱਖ ਅਤੇ ਕੁਦਰਤ' ਲਈ ਮੈਨੂੰ ਦੂਜੀ ਵਾਰ ਸ਼੍ਰੋਮਣੀ ਬਾਲ ਸਾਹਿਤ ਪੁਸਤਕ ਪੁਰਸਕਾਰ ਮਿਲਿਆ। ਸੰਨ 2000 'ਚ ਮੇਰੇ ਨਿਬੰਧ ਸੰਗ੍ਰਹਿ 'ਵਿਗਿਆਨ-ਪ੍ਰਾਪਤੀਆਂ ਤੇ ਮਸਲੇ' ਨੂੰ ਭਾਸ਼ਾ ਵਿਭਾਗ ਨੇ ਡਾ. ਐੱਮ.ਐੱਸ. ਰੰਧਾਵਾ ਗਿਆਨ ਸਾਹਿਤ ਪੁਰਸਕਾਰ ਨਾਲ ਸਨਮਾਨਿਆ।

ਸੰਨ 2001 'ਚ ਪੰਜਾਬੀ ਸੱਥ ਲਾਂਬੜਾਂ (ਜਲੰਧਰ) ਵੱਲੋਂ ਮੈਨੂੰ 'ਪ੍ਰਿੰਸੀਪਲ ਤ੍ਰਿਲੋਚਨ ਸਿੰਘ ਭਾਟੀਆ ਪੁਰਸਕਾਰ' ਦੇ ਕੇ ਸਨਮਾਨਿਆ। ਸੰਨ 2003 'ਚ ਮੈਨੂੰ ਭਾਰਤੀ ਵਿਗਿਆਨ ਲੇਖਕ ਸਭਾ ਨਵੀਂ ਦਿੱਲੀ ਵੱਲੋਂ 'ਇਸਵਾ ਸਨਮਾਨ' ਮਿਲਿਆ। ਸੰਨ 2010 'ਚ ਪੀਸ ਆਨ ਅਰਥ ਸੰਸਥਾ ਨੇ ਮੈਨੂੰ 'ਲਾਈਫ ਟਾਈਮ ਅਚੀਵਮੈਂਟ ਐਵਾਰਡ' ਦੇ ਕੇ ਸਨਮਾਨਿਆ। ਸੰਨ 2011 'ਚ 'ਅੱਜ ਦੀ ਆਵਾਜ਼' (ਰੇਡੀਓ) ਤੇ 'ਡੇਲੀ ਪੰਜਾਬ' (ਅਖਬਾਰ) 'ਮੈਨੂੰ ਉੱਤਮ ਲੇਖਕ ਪੁਰਸਕਾਰ' ਦੇ ਕੇ ਸਨਮਾਨਿਆ। ਕਈ ਹੋਰ ਸੰਸਥਾਵਾਂ ਨੇ ਵੀ ਮਾਣਸਨਮਾਣ ਨਾਲ ਨਿਵਾਜਿਆ।

ਵਾਤਾਵਰਨ ਦੇ ਸੰਦਰਭ ਵਿੱਚ ਮੇਰੇ ਲਿਖੇ ਸਾਹਿਤ ਉੱਤੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਿੱਚ ਡਾਕਟਰੇਟ ਪੱਧਰ 'ਤੇ ਖੋਜ ਅਧਿਐਨ ਹੋਇਆ ਹੈ। ਮੇਰੀ ਪੁਸਤਕ 'ਸਤਰੰਗੀ ਪੀਂਘ ਅਤੇ ਹੋਰ ਨਾਟਕ' ਉੱਤੇ ਆਲੋਚਨਾਤਮਿਕ ਅਧਿਐਨ ਕਰਨ ਕਰਕੇ ਗੌਰਮਿੰਟ ਕਾਲਜ ਵੋਮੈਨ ਯੂਨੀਵਰਸਿਟੀ ਲਾਹੌਰ (ਪਾਕਿਸਤਾਨ) ਦੀ ਮਿਸ ਨਿਮਰਾ ਕਿਊਮ ਨੂੰ ਬੈਚਲਰ ਆਫ ਸੋਸ਼ਲ ਸਾਇੰਸ ਦੀ ਡਿਗਰੀ ਦਿੱਤੀ ਗਈ ਹੈ।

? ਤੁਹਾਡੀਆਂ ਕਿਤਾਬਾਂ ਕਿਹੜੀ-ਕਿਹੜੀ ਜ਼ੁਬਾਨ ਵਿੱਚ ਅਨੁਵਾਦ ਹੋਈਆਂ ਹਨ, ਤਫਸੀਲ ਦਿਓ।

-ਮੇਰੀ ਪੁਸਤਕ 'ਸਤਰੰਗੀ ਪੀਂਘ ਤੇ ਹੋਰ ਨਾਟਕ' ਸ਼ਾਹਮੁਖੀ ਲਿਪੀ ਵਿੱਚ ਪ੍ਰਕਾਸ਼ਤ ਹੋਈ ਹੈ। ਇਸੇ ਲਿੱਪੀ ਵਿੱਚ ਮੇਰੀ ਵਿਗਿਆਨ ਗਲਪ ਕਹਾਣੀਆਂ ਦੀ ਪੁਸਤਕ 'ਨਵੀਂਆਂ ਧਰਤੀਆਂ, ਨਵੇਂ ਆਕਾਸ਼' ਅਗਲੇ ਸਾਲ ਤੱਕ ਛਪ ਜਾਵੇਗੀ।

? ਪੰਜਾਬੀ ਵਿੱਚ ਵਿਗਿਆਨ ਗਲਪ ਕਹਾਣੀਆਂ ਦੀ ਸਮਰੱਥਾ ਬਾਰੇ ਕੀ ਕਹੋਗੇ।

-ਵਿਗਿਆਨ ਗਲਪ ਰਚਨਾਵਾਂ ਯਾਨੀ ਕਿ ਵਿਗਿਆਨ ਕਥਾਵਾਂ ਅਤੇ ਨਾਟਕ ਆਦਿ ਵਿਗਿਆਨ ਅਤੇ ਤਕਨਾਲੋਜੀ ਦੇ ਮੌਜੂਦਾ ਤੇ ਸੰਭਾਵੀ ਵਿਕਾਸ ਅਧਾਰਤ ਭਵਿੱਖ ਦੇ ਸਮਾਜਿਕ ਵਰਤਾਰਿਆਂ ਦਾ ਵਰਨਣ ਕਰਦੀਆਂ ਹਨ। ਨਵੀਂਆਂ ਖੋਜਾਂ ਦਾ ਆਧਾਰ ਬਨਣ ਦੇ ਸਮਰੱਥ ਹੁੰਦੀਆਂ ਹਨ। ਅਨੇਕਾਂ ਖੋਜਾਂ ਮਸਲਿਨ ਪਣਡੁੱਬੀਆਂ, ਸੈੱਲਫੋਨ, ਰੋਬੋਟ, ਲੇਜ਼ਰ ਆਦਿ ਦੀ ਖੋਜ ਹੋਣ ਤੋਂ ਪਹਿਲਾਂ ਹੀ ਇਨ੍ਹਾ ਦਾ ਜ਼ਿਕਰ ਵਿਗਿਆਨ ਗਲਪ ਵਿੱਚ ਆ ਚੁੱਕਾ ਸੀ।

? ਪੰਜਾਬੀ ਵਿੱਚ ਵਿਗਿਆਨ ਗਲਪ ਦੀ ਸਥਿਤੀ ਕੀ ਹੈ? ਕੌਣ ਵਧੀਆ ਕੰਮ ਕਰ ਰਹੇ ਹਨ। ਪਾਠਕਾਂ ਦਾ ਇਸ ਪ੍ਰਤੀ ਹੁੰਗਾਰਾ ਕਿਹੋ ਜਿਹਾ ਹੈ।

-ਪੰਜਾਬੀ ਵਿੱਚ ਵਿਗਿਆਨ ਗਲਪ ਬੜਾ ਘੱਟ ਲਿਖਿਆ ਜਾ ਰਿਹਾ ਹੈ। ਲਿਖਣ ਵਾਲਿਆਂ ਵਿੱਚ ਅਮਨਦੀਪ ਸਿੰਘ (ਅਮਰੀਕਾ), ਡਾ. ਡੀ.